ਧੰਨੁ ਧੰਨੁ ਨਿਰੰਕਾਰੁ ੧ ਏਕੰਕਾਰੁ
ੳ ਓਅੰਕਾਰੁ ਸਤਿਗੁਰੁ ਪ੍ਰਸਾਦਿ ਜਪੁ ॥

ਗੁ: ਮੂਰਖਾ ਸਿਰੁ ਮੂਰਖ ਹੈ ਜੋ ਮੰਨੇ ਨਾਹੀ ਨਾਉ ॥

# ਮੂਰਖ ਟੋਲੇ ਨੂੰ ਉਪਦੇਸ਼

ਗੁ: ਨਾਉ ਤੇਰਾ ਨਿਰੰਕਾਰ ਹੈ ਨਾਉ ਲਈਐ ਨਰਕ ਨਾ ਜਾਈਐ ॥ ਵਾਰ ਆਸਾ ॥ ਪੁਨਾ, ਜਪੁ ਜਪੁ ਤੁਧ ਨਿਰੰਕਾਰੁ ਭਰਮੁ ਭਉ ਖੋਵਣਾ ॥ ਗੁਜਰੀ ਕੀ ਵਾਰ ਮ: ੫ ਸ: ੧੮ ॥ ਭਰਮ ਗੜ੍ਹ ਤੋੜ ਨੰ: ੧ ਸਾਖੀ ੬ ॥ ਗੁ: ਫੂਟਾ ਆਂਡਾ ਭਰਮ ਕਾ ਮਨੇ ਭਇਆ ਪ੍ਰਗਾਸੁ ॥ ਕਟੀ ਬੇੜੀ ਪਗਿ ਤੇ ਗੁਰੁ ਕੀਨੀ ਬੰਦ ਖਲਾਸੁ ॥ ਮਾਰੂ ਮ: ੫ ਸ: ੪ ॥ ਪੁਨਾ, ਭਰਮੁ ਮਹੁ ਮਾਇਆ ਬੇਕਾਰੁ ॥ ਭਰਮੁ ਛੂਟੇ ਤਉ ਏਕੰਕਾਰੁ ॥ ਸੂਹੀ ਮ: ੫ ਸ: ੧॥ਪੁਨਾ,ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮੁ ਨਾਮ ਮਨੁ ਲਾਗਾ ॥ ਕਥਨੀ ਕੈ ਭਰਮ ਨਾ ਜਾਈ॥ਸਭੁ ਕਥੁ ਕਥੁ ਰਹੀ ਲੋਕਾਈ ॥ ਜਾਕਉ ਗੁਰਮੁਖ ਆਪੁ ਬੁਝਾਈ ॥ ਤਾਕੇ ਹਿਰਦੈ ਰਹਿਆ ਸਮਾਈ ॥ ਸੋਰਠ ਕਬੀਰ ਜੀ ਸ: ੪ ॥

ਲੇਖਕ—ਕੂਕਰ ਗਿ: ਖਜ਼ਾਨ ਸਿੰਘ ਨਿਰਮਲ ਨਿਰੰਕਾਰੀ
ਹਾਲ ਕਟਨੀ (ਸੀ.ਪੀ.) ਮਕਾਨ ਨੰ: ੪/੫੪੩,
ਮਾਲਵੀਆਗੰਜ, ਗੁਰ ਨਾਨਕਵਾੜਾ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਗੁ: ਵਿਚੁ ਦੁਨੀਆਂ ਸੇਵ ਕਮਾਈਐ ॥ ਤਾ ਦਰਗਹਿ ਬੈਸਨ ਪਾਈਐ ॥
ਕਹਿ ਨਾਨਕ ਬਾਹੁ ਲਡਾਈਐ ॥

੧ ਏਕ ਨਿਰੰਕਾਰੁ  ਨਾਨਕ ਮਨ ਲਗਾਨਾ

ਹਉ ਬਲਿਹਾਰੀ ਤਿਨ ਕਉ ਜਿਨ ਧਿਆਏ ਹਰਿ ਨਿਰੰਕਾਰੁ ॥



ਉਨਾਦੇ ਮੁਖ ਸਦਾ ਉਜਲੇ ਉਨਾ ਨੂੰ ਸਭਿ ਜਗਤ ਕਰੈ ਨਿਮਸਕਾਰੁ ॥

ਕੂਕਰ ਗਿ: ਖਜ਼ਾਨ ਸਿੰਘ ਨਿਰਮਲ ਨਿਰੰਕਾਰੀ ॥

ਨਾਨਕ ਨਿਰਭਉ  ਨਿਰੰਕਾਰੁ ਸਚੁ ਏਕ ੧

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਧੰਨ ਧੰਨ ਨਿਰੰਕਾਰੁ, ੧ ਏਕੰਕਾਰੁ ਗੁਰੁਪ੍ਰਸਾਦਿ ਜਪੁ ॥

ਪਿਆਰੇ ਪਾਠਕ ਜੀ! ਜਦੋਂ ਬੇਮੁਖ ਨਿਗੁਰੇ ਟੋਲੇ ਨੂੰ ਪੁਛੀਏ ਜੋ ਤੁਸੀਂ ਗੁਰਬਾਣੀ ਗਰੰਥ ਪਾਵਨ ਬੀੜ ਤੋਂ ਉਲਟ ਕਿਉਂ ਚਲ ਰਹੇ ਓ। ੧. ਪਾਣੀ ਵਿਚ ਪਤਾਸੇ ਪਾ ਕੇ ਵਿਚ ਦੇਵੀ ਦੀ ਕਿਰਪਾਨ ਫੇਰ ਕੇ ਅੰਮ੍ਰਿਤ ਕਹਿ ਕਹਿ ਪੀਂਦੇ ਹੋ। ੨. ਦੂਜਾ ਕੜਾਹ ਪ੍ਰਸ਼ਾਦ ਵਿਚ ਦੇਵੀ ਦੀ ਕ੍ਰਿਪਾਨ ਫੇਰਦੇ ਹੋ। ੩. ਤੀਜਾ ਭਗੌਤੀ ਦਾ ਅਰਦਾਸਾ ਕਰਦੇ ਹੋ। ੪. ਚੌਥੇ ਦੀਪਮਾਲਾ ਦੀ ਵਾਰ ਮਨਾਂਵਦੇ ਹੋ। ੫. ਰਹਿਰਾਸ ਪੜ੍ਹਦੇ ਹੋ। ੬. ਨਸੀਹਤਨਾਮਾ ਪੜ੍ਹਦੇ ਹੋ। ੭. ਪੈਂਤੀਸ ਅਖਰੀ ਪੜ੍ਹਦੇ ਹੋ। ੮. ਅਠਵੇਂ ਲੋਹੜੀ ਦਾ ਤਿਉਹਾਰ ਮਨਾਂਵਦੇ ਹੋ। ੯. ਨਾਵੇਂ ਰਖੜੀ ਬੰਨ੍ਹਦੇ ਹੋ। ੧੦. ਸ਼ਸਤ੍ਰਾਂ ਦੀ ਪੂਜਾ ਕਰਦੇ ਹੋ। ੧੧. ਮੰਜੀ ਸਾਹਿਬ ਪਥਰਾਂ ਜਾਂ ਇਟਾਂ ਦੀ ਬਣਾ ਕੇ ਪੂਜਾ ਕਰਦੇ ਹੋ। ੧੨. ਕਛੇ ਕੜੇ ਕ੍ਰਿਪਾਨਾਂ ਰਖਦੇ ਹੋ। ੧੩. ਕਾਲੇ ਸਾਫੇ ਬੰਨ੍ਹਦੇ ਹੋ ਤੇ ਪੀਲੇ ਪਰਨੇ ਰਖਦੇ ਹੋ। ੧੪. ਆਪ ਨੂੰ ਅਕਾਲੀ ਕਹਾਂਵਦੇ ਹੋ। ੧੫. ਆਪ ਨੂੰ ਸਿੰਘ ਸਭੀਏ ਕਹਾਂਦੇ ਹੋ। ੧੬. ਤਰਨ ਤਾਰਨ ਅਮਾਵਸ ਨਹਾਂਵਦੇ ਹੋ । ੧੭. ਗੁਰ-ਦਵਾਰਿਆਂ ਦੀ ਯਾਤ੍ਰਾ ਕਰਦੇ ਹੋ। ੧੮. ਚੌਪਈ ਕਵੀਓ ਵਾਰ ਪੜ੍ਹਦੇ ਹੋ। ੧੯. ਜਪੁ ਸਾਹਿਬ ਤੇ ਸੁਧਾ ਸਵਈਏ ਪੜ੍ਹਦੇ ਹੋ। ੨੦. ਗੁਰੂ ਨਾਨਕ ਜੀ ਦਾ ਦਸਮੀ ਸਰਾਧ ਕਰਦੇ ਹੋ। ੨੧. ਅਤੇ ਮਿਰਤੂ ਦੇ ਫੂਲ ਚੁਗਦੇ ਹੋ। ੨੨. ਅਤੇ ਝੂਠੇ ਦੋਹਿਰੇ ਪੜ੍ਹਦੇ ਹੋ। ੨੩. ਗੁਰੂ ਮਾਨੀਓ ਗਰੰਥ ਤੇ ਖੋਜ ਸ਼ਬਦ ਮੈ ਲੇਹਿ। ੨੪. ਅਤੇ ਝੂਠੇ ਇਤਿਹਾਸ ਪੜ੍ਹਦੇ ਹੋ। ੨੫. ਰਹਿਰਾਸ ਕੋਈ ਬਾਣੀ ਨਹੀਂ ਹੈ। ੨੬. ਸੋਦਰ ਸੋ ਪੁਰਖ ਹੈ।



Digitized by Panjab Digital Library | www.panjabdigilib.org

ਅਤੇ ਸਤਿ ਸ੍ਰੀ ਅਕਾਲ ਕਹਿੰਦੇ ਹੋ। ੨੭. ਤੇ ਸਤਿਨਾਮ ਸ੍ਰੀ ਵਾਹਿਗੁਰੂ ਕਹਿੰਦੇ ਹੋ ੨੮. ਅਤੇ ਫਤੇ ਬੁਲਾਂਵਦੇ ਹੋ।

ਇਹ ਸਾਰੇ ਕਰਮ ਕਰਨੇ ਗੁਰਬਾਣੀ ਗਰੰਥ ਪਾਵਨ ਬੀੜ ਦੇ ਵਿਰੁਧ ਹਨ, ਅਗੋਂ ਬੇਮੁਖ ਨਿਗੁਰਾ ਟੋਲਾ ਉਤਰ ਦੇਂਦਾ ਹੈ। ਭਾਈ ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਤਾਂ ਨਾਮ ਰੂਪ ਹੈ, ਇਸ ਵਿਚ ਜੀਵ ਦੇ ਵਰਤਣ ਦੀਆਂ ਮਰਯਾਦਾ ਥੋੜੀਆਂ ਹੀ ਲਿਖੀਆਂ ਹਨ। ਇਹ ਤਾਂ ਨਾਮ ਰੂਪ ਗੁਰੂ ਹੈ, ਇਹ ਵਰਤਣ ਦੀਆਂ ਮਰਯਾਦਾ ਇਤਿਹਾਸਾਂ ਵਿਚ ਹੁੰਦੀਆਂ ਹਨ।

ਪਾਠਕ ਜੀ! ਅਸੀਂ ਇਨ੍ਹਾਂ ਮੂਰਖਾਂ ਨੂੰ ਪੁਛਦੇ ਹਾਂ, ਹੇ ਨੇਤ੍ਰ ਹੀਣੋ ਇਹ ਗੁਰਬਾਣੀ ਗਟੰਥ ਪੋਥੀ ਪਾਵਨ ਗੁਰੂ ਨਹੀਂ ਹੈ, ਇਹ ਤਾਂ ਰਬੀ ਕਾਨੂੰਨ ਵਿਚ ਜੀਵਾਂ ਦੇ ਵਰਤਣ ਵਾਸਤੇ ਮਾਤਾ ਦੇ ਉਦਰ ਵਿਚ ਆਵਨ ਤੋਂ ਪਹਿਲੇ ਹੀ ਵਰਤੋਂ ਦੀ ਮਰਯਾਦਾ ਸਤਿਗੁਰੂ ਅਸੈਂਬਲੀ ਇਜਲਾਸ ਨੇ ਲਿਖ ਦਿਤੀ ਹੈ, ਅਗੇ ਸਾਰੀ ਵਰਤੋਂ ਸਾਰੀ ਬਿਵਸਥਾ ਦੀ ਅਖੀਰੀ ਸਚਖੰਡ ਪੁਜਣ ਤਕ ਲਿਖੀ ਹੈ, ਪਟੰਤੂ ਸਤਿਗੁਰੂ ਪਰਤਖ ਦੇਹ ਧਾਰੀ ਗੁਰੂ ਦੀ ਸ਼ਰਨ ਲਏ ਬਿਨਾਂ ਦਿਸਦੀ ਨਹੀਂ। ਗੁ: ਜੇ ਸਉ ਚੰਦਾ ਉਗਵੈ ਸੂਰਜ ਚੜੈ ਹਜਾਰੁ ॥ ਏਤੇ ਚਾਨਣੁ ਹੋਂਦਿਆ ਗੁਰੁ ਬਿਨ ਘੋਰਿ ਅੰਧਾਰੁ ॥

[ਵਾਰ ਆਸਾ

ਪਾਠਕ ਜੀ ਨਿਗੁਰੇ ਟੋਲੇ ਨੂੰ ਗੁਰਬਾਣੀ ਦ੍ਰਿਸ਼ਟੀ ਨਹੀਂ ਆਂਵਦੀ। ਗੁ: ਸਭ ਕਿਛ ਘਰਿ ਮੈ ਬਾਹਿਰੁ ਕਿਛੁ ਨਾਹੀ ॥ ਬਾਹਿਰੁ ਟੋਲੈ ਤੇ ਭਰਮੁ ਭੁਲਾਈ॥ ਮਾਝ ਮ: ੫ ਸ: ੨੬ ॥

ਪਾਠਕ ਜੀ! ਗੁਰਬਾਣੀ ਗਟੰਥ ਪੋਥੀ ਪਾਵਨ ਬੀੜ ਅੰਦਰ ਸਿਖ ਦੇ ਵਰਤਣ ਦੀ ਸਭ ਮਰਯਾਦਾ ਹਰ ਇਕ ਸਮੇਂ ਤੇ ਵਰਤਣ ਦੀ ਲਿਖੀ ਹੈ। ਜਨਮ ਤੋਂ ਲੈ ਕੇ ਅੰਤ ਤਕ ॥

ਗੁ: ਨੰ: ੧॥ ਸਤਿਗੁਰੁ ਸਾਚੇ ਦੀਆ ਭੇਜੁ॥ ਚਿਰੁ ਜੀਵਨੁ



Digitized by Panjab Digital Library | www.panjabdigilib.org

ਉਪਜਿਓ ਸੰਜੋਗੁ ॥ ਉਦਰੇ ਮਹਿ ਆਇ ਕੀਆ ਨਿਵਾਸੁ ॥ ਮਾਤਾ ਕੇ ਮਨੁ ਬਹੁਤਿ ਬਿਗਾਸੁ ॥ ੧ ॥ ਰਹਾਉ ॥ ਜੰਮਿਆ ਪੂਤਿ ਭਗਤਿ ਗੋਬਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰਿ ਕਾ ॥ ਦਸੀ ਮਾਸ ਹੁਕਮੁ ਬਾਲਕ ਜਨਮੁ ਲੀਆ ॥ ਮਿਟ ਗਏ ਸੋਗੁ ਮਹਾ ਆਨੰਦ ਥੀਆ ॥ ਗੁਰਬਾਣੀ ਸਖੀਏ ਆਨੰਦ ਗਾਵੈ ॥ ਸਾਚੇ ਸਾਹਿਬ ਕੇ ਮਨੁ ਭਾਵੈ ॥ ਵਧੀ ਵੇਲ ਬਹੁ ਪੀੜੀ ਚਾਲੀ ॥ ਧਰਮੁ ਕਲਾ ਹਰਿ ਬੰਧੁ ਬਹਾਲੀ ॥ ਜਿਉ ਬਾਰਕ ਪਿਤਾ ਊਪਰ ਕਰੇ ਬਹੁ ਮਾਣੁ ॥ ਬੋਲਾਇਆ ਬੋਲੀ ਗੁਰ ਕੈ ਭਾਣੁ ॥ ਗੁਝੀ ਛਨੀ ਨਾਹੀ ਬਾਤਿ ॥ ਗੁਰੂ ਨਾਨਕ ਤੁਠਾ ਕੀਨੀ ਦਾਤਿ ॥ ਆਸਾ ਸਫਾ ੬੯੬ ॥ ਨੰ: ੨ ॥ ਗੁ: ਜੇਕਰਿ ਸੂਤਕ ਮੰਨੀਐ ਸਭਿ ਤੇ ਸੂਤਕ ਹੋਇ ॥... ਨਾਨਕ ਜਿਨਾ ਗੁਰਮੁਖ ਬੁਝਿਆ ਤਿਨਾ ਸੂਤਕ ਨਾਹਿ ॥ ਆਸਾ ਵਾਰ ॥ ਨੰ: ੩ ॥ ਹਿੰਦੂ ਬਾਲਕ ਨੂੰ ਪੰਜ ਗੋ ਪਿਆਂਦੇ ਹਨ। ਗੁ: ਗਊ ਬ੍ਰਾਹਮਣ ਕੋ ਕਰਿ ਲਾਵੈ ਗੋਬਰਿ ਤਰਨਿ ਨਾ ਜਾਈ ॥ ਧੋਤੀ ਟਿਕਾ ਤੇ ਜਪੁ ਮਾਲੀ ਧਾਨ ਮਲੇਛਾ ਖਾਈ ॥ ਆਸਾ ਵਾਰ ੧੭॥ ਨੰ: ੪ ॥ ਹਿੰਦੂ ਜਨੇਊ ਪਾਂਦੇ ਹਨ। ਗੁ: ਤਗ ਕਪਾਹੁ ਕਤੀਐ ਬ੍ਰਾਹਮਣ ਵਟੇ ਆਇ ॥ ... ਹੋਇ ਪੁਰਾਣਾ ਸੁਟੀਐ ਭੀ ਫਿਰੁ ਪਾਈਐ ਹੋਰੁ ॥ ਨਾਨਕ ਤਗਿ ਨਾ ਤੁਟਈ ਜੇ ਤਗ ਹੋਵੈ ਜੋਰ ॥ ਵਾਰ ਆਸਾ ਸ: ॥ ਨੰ: ੪ ॥ ਹਿੰਦੂ ਲੜਕੇ ਜਾਂ ਲੜਕੀ ਦਾ ਮੰਗੇਵਾ ਕਰਨ ਵਕਤ ਸਗਨ ਪੁਛਦੇ ਹਨ। ਗੁ: ਸਗਨੁ ਅਪਸਗਨੁ ਤਾਕੋ ਲਗੇ ਜਾਕਉ ਬਿਸਰੈ ਨਾਉ ॥ ਨੰ: ੬ ॥ ਹਿੰਦੂ ਕੁੜਮਾਈ ਕਰਨ ਵਕਤ ਨਾਈ ਭੇਜਦੇ ਹਨ। ਗੁ: ਸਤਿ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ॥ ਸੰਤ ਜਨਾ ਕਰ ਮੇਲੁ ਗੁਰਬਾਣੀ ਗਵਾਈਆ ॥ ਸੂਹੀ ਮ: ੪ ਘਰੁ ੧ ॥ ਪੁਨਾ, ਸਾਧੂ ਸੰਗਤ ਇਕਤ੍ਰ ਕਰੋ ਬਾਲਕ ਕਰਉ ਮੰਗੇਵਾ ॥ ਲਧਮ ਜਨ ਆਉ ਕੁੜਮ ਭਲੇ ਵਡੇ ਜਨ ਅੰਮ੍ਰਿਤ ਮੇਵਾ ॥ ਰਾਮਕਲੀ ਛੰਤ ਪ ॥ ਨੰ: ੭ ॥ ਹਿੰਦੂ ਸਾਹ ਸੁਧਾਂਵਦੇ ਹੈਂ ਸ਼ਾਦੀ ਸਮੇਂ ॥ ਰਾਮਕਲੀ ਮ: ੧ ਸ: ੪ ॥



Digitized by Panjab Digital Library | www.panjabdigilib.org

ਗੁ: ਸਾਹਿ ਗਨੇ ਨਾ ਕਰੇ ਬੀਚਾਰੁ ॥ ਸਾਹਿ ਊਪਰ ਏਕੰਕਾਰੁ ॥ ਜਿ ਗੁਰੁ ਮਿਲੇ ਸੇਈ ਬਿਧ ਜਾਨੇ ॥ ਹੋਰ ਹਿੰਦੂ ਫਕੜ ਮੁਸਲਮਾਨੇ ॥ ਮਾਰੂ ਮ: ੧। ਸ: ੪ ॥ ਨੰ: ੮ ॥ ਹਿੰਦੂ ਸ਼ਾਦੀ ਦਾ ਦਿਨ ਕਾਇਮ ਕਰ ਕੇ ਤੀਵੀਆਂ ਗੰਦ ਬਕਦੀਆਂ ਹਨ, ਸਿਖ ਮੰਗਲ ਪੜ੍ਹਦੇ ਹਨ। ਗੁ: ਮੰਗਲ ਸਾਜ ਭਇਆ ਪ੍ਰਭੁ ਆਪਣਾ ਗਾਇਆ ਰਾਮੁ ॥ ਅਬਨਾਸੀ ਵਰ ਸੁਣਿਆ ਮਨਿ ਉਪਜਿਆ ਚਾਇਆ ਰਾਮੁ ॥ ਬਿਲਾਵਲ ਮ: ੫ ॥ ਨੰ: ੯ ॥ ਹਿੰਦੂ ਲੜਕੇ ਲੜਕੀ ਨੂੰ ਮਹਿੰਦੀ ਲਾਂਵਦੇ ਹਨ। ਸਿਖ ਗੁ: ਮੇਦੀ ਕਰ ਕੈ ਘਾਲਿਆ ਆਪ ਪਿਸਾਇ ਪੀਸਾਏ ॥ ਤਹਿ ਮੈ ਬਾਤ ਨਾ ਪੁਛੀਆ ਕਬਹੂ ਨ ਲਾਈ ਪਾਏ ॥ ਪੁਨਾ,ਆਪੇ ਪੀਸੇ ਆਪੇ ਘਸੇ ਆਪੇ ਹੀ ਲਇ ਲਾਏ ॥ ਕਬੀਰ ਸ: ੬੪ ਤੇ ਵਾਰ ॥ ਨੰ: ੧੦ ॥ ਹਿੰਦੂ ਲੜਕੇ ਨੂੰ ਘੋੜੀ ਤੇ ਚਾੜ੍ਹਦੇ ਹੈਨ। ਗੁ: ਜਨ ਨਾਨਕ ਗੁਰਿ ਕਿਰਪਾ ਧਾਰੀ ਦੇਹਿ ਘੋੜੀ ਚੜਿ ਘਰਿ ਆਇਆ ॥ ਰਾਗ ਵਡਹੰਸ ਘੋੜੀਆਂ ॥ ਨੰ: ੧੧ ॥ ਜਦੋਂ ਜੰਞ ਚੜ੍ਹਦੀ ਹੈ : ਗੁ: ਗੁਣ ਜੰਜ ਲਾੜੇ ਨਾਲੁ ਸੋਹਿ ਪਰਖ ਮੋਹਣੀਆ ਲਹਿਆ ॥ ਸੂਹੀ ਮ: ੧ ਛੰਤ ॥ ਨੰ: ੧੨ ॥ ਫੇਰ ਮਿਲਣੀ ਹੁੰਦੀ ਹੈ, ਗੁ: ਮੇਲ ਲਇਓ ਦਇਆਲੁ ਢੈ ਪਇ ਦੁਆਰਿਆ ॥ ਵਾਰ। ਨੰ: ੧੩॥ ਫੇਰ ਛੰਦਾਂ ਦੇ ਵਕਤ, ਗੁ: ਛਾਤੀ ਸੀਤਲੁ ਮਨੁ ਸੁਖੀ ਛੰਤ ਗੋਬਿੰਦ ਗੁਣੁ ਗਾਏ ॥ ਐਸੀ ਕਿਰਪਾ ਕਰਿ ਪ੍ਰਭੁ ਜਨ ਨਾਨਕ ਦਾਸ ਦਸਾਇ ॥ ਸੂਹੀ ਛੰਤ ॥ ਅਤੇ ਮਾਈਆਂ ਬੀਬੀਆਂ ਪੜ੍ਹਦੀਆਂ ਹੈਨ। ਗੁ:ਘਰਿ ਆ ਸਜਨਾ ਮੈ ਦੇਖਾ ਦਰਸਨ ਤੇਰਾ ਰਾਮੁ ॥ ਪੁਨਾ, ਹਮੁ ਘਰਿ ਸਾਜਨੁ ਆਏ ॥ ਸਾਚੇ ਮੇਲੁ ਮਿਲਾਏ ॥ ਸੂਹੀ ਮ: ੫ ॥ ਨੰ: ੧੪ ॥ ਰੋਟੀ ਖਾਵਨ ਵਕਤ, ਗੁ: ਮੁਦਾਵਨੀ, ਥਾਲ ਵਿਚ ਤਿਨ ਵਸਤੂ ਪਈਆ ਹਰਿ ਅੰਮ੍ਰਿਤ ਭੋਜਨ ਸਾਰੁ ॥ ਸੋਰਠ ਕੀ ਵਾਰ ਸਫਾ ੭ ॥ ਪੁਨਾ, ਮੁੰਦਾਵਨੀ ਮ: ੫ ॥ ਥਾਲ ਵਿਚ ਤਿਨ ਵਸਤੂ ਪਈਆ ਸਤ ਸੰਤੋਖ ਵੀਚਾਰੋ ॥ ਤੇ ਚੁਲਾ ਪੜ੍ਹਨਾ ਗੁ: ਜਹਿ ਪ੍ਰਸਾਦਿ ਛਤੀ ਅੰਮ੍ਰਿਤ ਖਾਹਿ ॥ ਸੁਖਮਨੀ ॥ ਨੰ: ੧੫ ॥ ਫੇਰ



Digitized by Panjab Digital Library | www.panjabdigilib.org

ਮਾਈਆਂ ਬੀਬੀਆਂ ਲੜਕੀ ਨੂੰ ਆਨੰਦ ਵਾਸਤੇ ਦਰਬਾਰ ਲੈ ਕੇ ਤੁਰਦੀਆਂ ਹਨ, ਲੜਕੀ ਨੂੰ ਨਸੀਹਤਾਂ ਦੇਂਦੀਆਂ ਜਾਂਦੀਆਂ ਹਨ। ਗੁ: ਕੂਚੱਜੀ। ਮਞੁ ਕੁਚਜੀਆ ਮਾੜੇ ਦੋਸੜਹੁ ਕੈਸੇ ਰਾਵਣ ਜਾਓ ਜੀਉ॥ ਪੁਨਾ, ਸੁਚੱਜੀ। ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥ ਪੁਨਾ, ਗੁਣਵੰਤੀ, ਜੋ ਦੀਸੈ ਗੁਰ ਸਿਖੜਾ ਤਿਸ ਨਿਵ ਨਿਵ ਲਾਗਾ ਪਾਇ ਜੀਉ॥ਸੂਹੀ ਮ: ੫ ਨੰ: ੧੬।ਦੂਰ ਬਣਨੀ। ਗੁ: ਸਭੇ ਸਾਕ ਕੂੜਾਵੇ ਡਿਠੇ ਪਲੇ ਤੈਡੇ ਲਾਗੀ॥ ਨੰ: ੧੭ ਪਰਕਰਮਾ ਦੇ ਵਕਤ, ਗੁ: ਸੰਤਾਂ ਦੇ ਕਾਰਜ ਆਪਿ ਖਲੋਇਆ॥ ਸੂਹੀ ਮ: ੫ ॥ ਨੰ: ੧੮। ਲਾਵਾਂ॥ ਗੁ: ਹਰਿ ਪਹਿਲੜੀ ਲਾਵ ਪਰਵਿਰਤੀ ਕਰਮੁ ਦ੍ਰਿੜਾਇਆ ਬਲਿਰਾਮ ਜੀਉ ॥ ਬਾਣੀ ਤਾ ਬ੍ਰਹਮਾ ਬੇਦ ਧਰਮੁ 'ਦ੍ਰਿੜ'ਹੁਪਾਪੁ ਤਜਾਇਆ ਬਲਰਾਮ ਜੀਉ॥ਸੂਹੀ ਮ:੪॥ਨੰ:੧੯॥ ਲਾਵਾਂ ਬਾਅਦ ਲੜਕੇ ਨੂੰ ਨਸੀਹਤ। ਗੁ: ਪਰ ਤ੍ਰਿਆ ਰਾਵਣੁ ਜਾਹਿ ਸੇਈ ਤਨੁ ਜਾਲੀਐ॥ ਫੁਨੇ॥ ਪੁਨਾ, ਪਰ ਤ੍ਰਿਆ ਰੂਪੁ ਨਾ ਪੇਖੈ ਨੇਤ੍ਰ॥ ਸਾਧੂ ਕੀ ਟਹਿਲ ਸੰਤਿ ਸੰਗ ਹੇਤਿ ॥ ਸੁਖਮਨੀ ਮ: ੫ ॥ ਨੰ: ੨੦। ਲੜਕੀ ਨੂੰ ਨਸੀਹਤ।ਗੁ: ਨਿਵਣੁ ਸੋ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ ਇਹ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ॥ ਸ: ਫਰੀਦ। ਪੁਨਾ, ਸਾਹੁ ਕੀ ਸਾਰ ਸੁਹਾਗਣੁ ਜਾਣੈ॥ ਤਜਿ ਅਭਮਾਨ ਰਲੀਆ ਸੁਖ ਮਾਨੈ॥ ਤਨ ਮਨੁ ਦੇ ਨਾ ਅੰਤਰੁ ਰਾਖੈ॥ ਅਵਰਾ ਦੇਖ ਨਾ ਸੁਣੈ ਨਾ ਭਾਖੈ॥ ਸੂਹੀ ਰਵਦਾਸ ਜੀ।

ਪੁਨਾ, ਦੁਹਾਗਣੀ ਕਿਆ ਨੇਸਾਨੀ ਖਸਮੇ ਘੁਥੀ ਫਿਰੈ ਨਿਮਾਣੀਆ ਮੈਲੇ ਵੇਸੁ ਤਿਨਾ ਕਾਮਣੀ ਦੁਖੀ ਰੈਣ ਵਿਹਾਇ ਜੀਉ॥ ਸੁਹਾਗਣੀ ਕਿਆਕਰਮ ਕਮਾਇਆ ਪੂਰਬ ਲਿਖਿਆ ਪਾਇਆ ਸਈਆ ਸੇ ਸੁਹਾਗਣੀ ਜਿਨ ਸਾਹਿ ਨਾਲ ਪਿਆਰ ਜੀਉ॥ ਸ੍ਰੀ ਰਾਗ ਮ: ੧ ਸ: ੧ ਪੂਨਾ, ਰੂਖੋ ਭੋਜਨ ਭੂਮ ਸੈਨ ਸਖੀ ਪ੍ਰਿਆ ਸੰਗ ਸੂਖ ਬਿਹਾਇ॥ ਪੁਨਾ, ਆਪਣੈ ਪ੍ਰੀਤਮ ਕੇ ਰੰਗਿ ਰਤੀਏ ਸੋਭਾਵੰਤੀ ਨਾਰੇ॥ ਕਹਿ ਨਾਨਕ ਜਿਨ



Digitized by Panjab Digital Library | www.panjabdigilib.org

ਪ੍ਰਿਆ ਪਰਮੇਸਰ ਕਰੁ ਜਾਣਿਆ ॥ ਧੰਨ ਸਤੀ ਦਰਗਹਿ ਪਰਵਾਣਿਆ ॥ ਨੰ: ੨੧ ॥ ਲੜਕੀ ਦੀ ਬੇਨਤੀ । ਹਸਤਿ ਬੇਲੰਭਨ ਦਿਉ ਪ੍ਰਭੁ ਉਧਰੋ ਗਿਰਤੇ ਗੋਪਾਲੁ ॥ ਮੋਹਿ ਨਿਰਗੁਣੁ ਮਤਿ ਥੋੜੀਆ ਤੂ ਸਦਾ ਹੀ ਦੀਨੁ ਦਇਆਲ ॥ ਗਉੜੀ ਮ: ੫ ਸ: ੧੧੬ ॥ ਪੁਨਾ, ਯਾਰ ਵੇ ਨਿਤ ਸਖ ਸੁਖੇਦੀ ਸਾ ਮੈ ਗੁਰੁ ਮਿਲੁ ਪਾਈ ॥ ਵਰ ਲੋੜੀਦਾ ਆਇਆ ਵੱਜੀ ਵਧਾਈ॥ ਜੈਤਸਰੀ ਛੰਤ ॥ ਹਉ ਬੰਦੀ ਪ੍ਰਿਆ ਖਿਜਮਤਿਗਾਰੁ ॥ ਦਸੁ ਦਾਸੀ ਕਰਿਦੀ ਭਤਾਰੁ ॥ ਕਿ ਇਹਾ ਕਾਹੁ ਗੁਣੁ ਕੰਤ ਪਿਆਰੇ ॥ ਸੁਘੜ ਸਰੂਪ ਦਇਆਲੁ ਮੁਰਾਰੇ ॥ ਪੁਨਾ, ਗੁਰੂਦਵਾਰੇ ਹਮਰਾ ਵੇਵਾਹੁ ਜੋ ਹੋਇਆ ਜਾ ਸਹੁ ਮਿਲਿਆ ਤਾ ਜਾਣਿਆ ॥ ਆਸਾ ਮ: ੧ ॥

ਪੁਨਾ, ਅੰਮ੍ਰਿਤਾ ਪਿਰਿਆ ਬਚਨੁ ਤੁਮਾਰੇ ॥ ਅਤਿ ਸੁੰਦਰਿ ਮਨਮੋਹਿਨੁ ਪਿਆਰੇ ਸਭਹੂ ਮਧੁ ਨਿਰਾਰੇ ॥ ਪੁਨਾ, ਹਮੁ ਤੁਮੁ ਬੀਚ ਭਇਓ ਨਹੀ ਕੋਈ ॥ ਤੁਮ ਸੋਹੁ ਪੁਰਖੁ ਨਾਰ ਹਮੁ ਸੋਈ ॥ ਕਬੀਰ ਜੀ । ਰਾਗ ਆਸਾ ਸ: ੨ ॥ ਪੁਨਾ, ਤੁਮ ਗੋਹਰੂ ਅਤਿ ਗਹਿਰ ਗੰਭੀਰਾ ਤੁਮ ਪਰ ਹਮੁ ਬਹੁ ਹਰੀਆ ਰਾਮੁ ॥ ਤੁਮ ਵਡੇ ਵਡੇ ਵਡਿ ਊਚੇ ਹਮੁ ਇਤ ਨੀਕ ਲਉ ਹਰੀਆ ਰਾਮੁ ॥ ਸੂਹੀ ਛੰਤ ॥ ਪੁਨਾ,ਬਿਛਰਤ ਆਨੁ ਮਿਲਾਇਓ ਜਨਮ ਜਨਮੁ ਕੇ ਮੀਤੁ ॥ ਚਰਨਾ ਦਾਸੀ ਕਰਿ ਲਈ ਨਾਨਕ ਹਰਿ ਸੰਗੁ ਪ੍ਰੀਤ ॥ ਨੰ: ੨੨ ॥ ਵੇਵਾਹੁ ਹੋਇਆ ਮੇਰੇ ਬਾਬਲਾ ਹਰਿ ਦੇਉ ਦਾਨ ਮਹਿ ਦਾਜੋ ॥ ਹਰਿ ਕਪੜੇ ਹਰਿ ਸੋਭਾ ਦੇਵੇ ਜਿਤਿ ਸਿਵਰੇ ਮੇਰਾ ਕਾਜੋ ॥ ਹੋਰੁ ਮਨਮੁਖ ਦਾਜ ਰਖ ਦਿਖਲਾਂਵਦੇ ਸਭ ਕੂੜ ਹੰਕਾਰ ਕੱਚ ਪਾਜੋ ॥ ਸ੍ਰੀ ਰਾਗੁ ਮ: ੪ ਛੰਤ ॥ ਨੰ: ੨੩ । ਕੰਨਿਆਂ ਦੀ ਵਿਦਾਇਗੀ ਤੇ ਮਾਤਾ ਤੇ ਪਰਵਾਰ ਨਸੀਹਤ ਦੇਂਦੇ ਹਨ । ਗੁ: ਸਭਨਾ ਸਾਹੁਰੇ ਵੰਞਾਨਾ ਸਭੁ ਮੁਕਲਾਵਨਹਾਰੁ ॥ ਨਾਨਕ ਧੰਨ ਸੁਹਾਗਣੀ ਜਿਨਾ ਸਹੁ ਨ ਲ ਪਿਆਰੁ ॥

ਪਾਠਕ ਜੀ, ਜਨਮ ਤੋਂ ਲੈ ਕੇ ਆਨੰਦ ਤਕ ਵਰਤੋਂ ਗੁਰਬਾਣੀ



Digitized by Panjab Digital Library | www.panjabdigilib.org

ਅਨੁਸਾਰ ਲਿਖੀ ਹੈ। ਅਗੇ ਦੋਹਾਂ ਨੂੰ ਉਪਦੇਸ਼ ਗ੍ਰਿਹਿਸਤ ਆਸ਼੍ਰਮ ਦਾ ਗੁਰੂ ਜੀ ਦੇਂਦੇ ਹਨ। ਨੰ: ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥ ਤਪ ਮਹਿ ਤਪੀਸਰ ਗ੍ਰਿਹਸਤ ਮਹਿ ਭੋਗੀ ॥ ਧਿਆਇ ਧਿਆਇ ਭਗਤਾ ਸੁਖ ਪਾਇਆ ॥ ਨਾਨਕ ਤਿਸ ਪੁਰਖ ਕਾ ਕਿਨੈ ਅੰਤ ਨਾ ਪਾਇਆ ॥ ਸੁਖਮਨੀ ਸ: ੧੬ ਪਉੜੀ ੨ ॥

ਪਾਠਕ ਜੀ, ਗ੍ਰਿਹਿਸਤ ਆਸ਼੍ਰਮ ਵਿਚ ਚਾਰ ਹਿਸੇ ਹੈਨ। ਰਾਜ ਕਰਨਾ, ੨. ਜੋਗ ਕਰਨਾ, ੩. ਤਪ ਕਰਨਾ ੪. ਗ੍ਰਿਹਿਸਤ ਭੋਗਣਾ। ਗੁ: ਗ੍ਰਿਹਿਸਤ ਮਹਿ ਜੋ ਰਹਿ ਉਦਾਸੁ ॥ ਕਹਿ ਕਬੀਰੁ ਹਮੁ ਤਾਕਾ ਦਾਸੁ ॥ ਪੁਨਾ, ਗ੍ਰਸਤਿ ਮਹਿ ਹਰਿ ਜਨੁ ਸਦਾ ਉਦਾਸੀ ਰਾਮੁ ਨਾਮੁ ਲਿਵਲਾਗੀ ॥ ਪੁਨਾ, ਵਿਚੇ ਗ੍ਰਸਤਿ ਉਦਾਸ ਰਹਾਈ ॥ ਸਫਾ ੪੬੪ ॥ ਪੁਨਾ, ਵਿਚੇ ਗ੍ਰਿਹਿ ਗੁਰੁ ਬਚਨ ਉਦਾਸੀ ਹਉਮੈ ਮੋਹੇ ਜਲਾਇਦਾ ॥ ਸਫਾ ੧੩੫ ॥

ਪਾਠਕ ਜੀ, ਸਿਖੀ ਲਾਈਨ ਗ੍ਰਿਹਿਸਤ ਅੰਦਰ ਹੈ। ਸਾਰੇ ਗੁਰੂ ਤੇ ਭਗਤਿ ਤੇ ਢਾਡੀ ਤੇ ਭਟ ਤੇ ਮੁਸਲਮ ਸਭ ਗ੍ਰਿਹਿਸਤੀ ਹੋਏ ਹਨ। ਗ੍ਰਿਹਿਸਤ ਅੰਦਰ ਰਹਿ ਕੇ ਨਿਰੰਕਾਰ ਜੀ ਦਾ ਸਿਮਰਨ ਕਰਨਾ, ਇਹ ਸਭ ਸਿਮਰਨ ਤੋਂ ਉਚਾ ਸਿਮਰਨ ਹੈ । ਗੁ: ਉਸਤਤਿ ਮਨਿ ਮੈ ਕਰਿ ਨਿਰੰਕਾਰੁ ॥ ਕਰਿ ਮਨੁ ਮੇਰੇ ਸਤੁ ਬਿਉਹਾਰ ॥ ਸੁਖਮਨੀ ਸ: ੧੪ ॥ ਪੁਨਾ, ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥ ਸੁਖਮਨੀ। ਨਿਰੰਕਾਰ ਜੀ ਦਾ ਜਾਪੁ ਕਰਨਾ ਅਤੇ ਗ੍ਰਿਹਿਸਤ ਤੋਂ ਨਿਰਲੇਪ ਰਹਿਣਾ, ਗੁ: ਜੈਸੇ ਜਲ ਮਹਿ ਕਮਲੁ ਨਿਰਾਲਮੁ ਮਿਰਗਾਈ ਨੈਸਾਣੇ ॥ ਸਿਧ ਗੋਸਟ। ਭਾਵ ਜਿਸ ਤਰ੍ਹਾਂ ਕਵਲ ਦੀ ਜੜ੍ਹ ਪਾਣੀ ਅੰਦਰ ਹੋਂਦੀ ਹੈ ਅਤੇ ਪਾਣੀ ਵਿਚ ਰਹਿੰਦਾ ਹੈ, ਪਰੰਤੂ ਪਾਣੀ ਦਾ ਲੇਪ ਉਸ ਨੂੰ ਨਹੀਂ ਲਗਦਾ। ਦੂਜਾ ਮੁਰਗਾਈ ਭੀ ਪਾਣੀ ਅੰਦਰ ਰਹਿੰਦੀ ਹੈ, ਉਹਨੂੰ ਭੀ ਪਾਣੀ ਸਪਰਸ਼ ਨਹੀਂ ਕਰਦਾ। ਇਸੀ ਤਰ੍ਹਾਂ ਸਿਖੀ ਲਾਈਨ ਹੈ। ਇਸ ਲਾਈਨ ਅੰਦਰ ਸਿਵਾਏ ਸਿਮਰਨ ਨਿਰੰਕਾਰ ਦੇ ਕੋਈ ਕਰਮ ਧਰਮ



Digitized by Panjab Digital Library | www.panjabdigilib.org

ਨਹੀਂ ਹੈ। ਨਾ ਹੀ ਵਰਨ, ਨਾ ਹੀ ਜਾਤ, ਨਾ ਹੀ ਮਜ਼੍ਹਬ, ਨਾਹੀ ਬਾਹੂਨੀ ਚੈਨ, ਨਾ ਹੀ ਸੁੰਨਤ, ਨਾ ਹੀ ਜਨੇਊ, ਨਾ ਹੀ ਬਪ੍ਰਤਸਮਾ, ਨਾ ਹੀ ਮੁੰਦ੍ਰਾ, ਨਾ ਹੀ ਜਟਾਂ, ਨਾ ਹੀ ਭੁੰਮਣ, ਨਾ ਹੀ ਨਖਾ, ਨਾ ਹੀ ਭਗਵਾ, ਨਾ ਹੀ ਕਾਲਾ, ਨਾ ਹੀ ਪੀਲਾ, ਨਾ ਹੀ ਸਾਵਾ, ਨਾ ਹੀ ਕਛੈ,ਨਾ ਹੀ ਕੜੇ, ਨਾ ਹੀ ਕਿਰਪਾਨਾਂ, ਨਾ ਹੀ ਤੀਰਥ, ਨਾ ਹੀ ਬਰਤ, ਨਾ ਹੀ ਯਗ, ਨਾ ਹੀ ਹੋਮ, ਨਾ ਹੀ ਮੜ੍ਹੀ, ਨਾ ਹੀ ਮਸਾਣ, ਨਾ ਹੀ ਮਸਜਿਦ, ਨਾ ਹੀ ਮੰਦਰ, ਨਾ ਹੀ ਗਿਰਜਾ, ਨਾ ਹੀ ਸਿੰਘ ਸਭਾ, ਨਾ ਹੀ ਹਿੰਦੂ, ਨਾ ਹੀ ਮੁਸਲਮ, ਨਾ ਹੀ ਚੂੜ੍ਹਾ, ਨਾ ਹੀ ਚੰਡਾਲ, ਨਾ ਹੀ ਖਤ੍ਰੀ, ਨਾ ਹੀ ਬ੍ਰਾਹਮਣ, ਨਾ ਹੀ ਸ਼ੂਦਰ, ਨਾ ਹੀ ਵੈਸ਼, ਨਾ ਹੀ ਜੋਗੀ, ਨਾ ਹੀ ਜੰਗਮ, ਨਾ ਹੀ ਉਦਾਸੀ, ਨਾ ਹੀ ਸੰਨਿਆਸੀ, ਨਾ ਹੀ ਕਾਪੜੀਏ, ਨਾ ਹੀ ਅੰਵਧੂਤ, ਸਿਖੀ ਲਾਈਨ ਅੰਦਰ ਸਭ ਦਾ ਖੰਡਨ ਹੈ। ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਪੜ੍ਹੋ, ੧੪੩੦ ਸਫੇ, ਉਪਰੋਕਤ ਕਰਮਾਂ ਦਾ ਖੰਡਨ ਕਰ ਰਹੇ ਹਨ, ਪਰੰਤੂ ਕੁਛਕੁ ਪਰਮਾਨ ਇਥੇ ਲਿਖਦਾ ਹਾਂ। ਸਬਦ ਦੀ ਪਹਿਲੀ ਪੰਗਤੀ ਅਤੇ ਪਤਾ ਰਾਗ ਜਾਂ ਅੰਗ ਸਾਰਾ ਸਬਦ ਵੇਖ ਲੈਣਾ, ਗੁ: ਬਨਾਰਸੀ ਤਪੁ ਕਰੈ ॥ ਉਲਟ ਤੀਰਥ ਮਰੈ ॥ ਰਾਮਕਲੀ ਨਾਮਦੇਵ। ਪੁਨਾ, ਪਾਠ ਪੜਹਿ ਅਰ ਬੇਦੁ ਬੀਚਾਰੇ ਨਿਵਲ ਭੁਅੰਗਮ ਸਾਧੇ ॥ ਸੋਰਠ। ਪੁਨਾ, ਅਸਮੇਧੁ ਜਗ ਨੇ ਤੁਲਾ ਪੁਰਖ ਵਾਨੇ ॥ ਰਾਗ ਗੋਂਡ ਨਾਮਦੇਵ ॥ ਪੁਨਾ, ਜਾਪੁ ਤਾਪੁ ਗਿਆਨ ਇਸਨਾਨੁ। ਸੁਖਮਨੀ ਸ: ੩। ਪੁਨਾ, ਨਵਖੰਡ ਪ੍ਰਿਥਵੀ ਫਿਰੈ ਚਿਰ ਜੀਵੈ ॥ ਸੁਖਮਨੀ ਸ: ੩ ਪੁਨਾ, ਕਤਿ ਜਾਈਐ ਰੇ ਗ੍ਰਿਹਿ ਲਾਗੋ ਰੰਗੁ ॥ ਰਾਗ ਬਸੰਤ ਰਾਮਾਨੰਦ ॥ ਪੁਨਾ, ਕਾਹੇ ਰੇ ਬਨ ਖੋਜਨ ਜਾਈ ॥ ਧਨਾਸਰੀ ਮ: ੯ ॥ ਪੁਨਾ, ਲਿਖ ਲਿਖ ਪੜ੍ਹਿਆ ਤੇਤਾ ਕੜਿਆ ॥ ਆਸਾ ਵਾਰ ਸਲੋਕ ੧੦ ॥ ਪੁਨਾ, ਬਹੁਤੇ ਭੇਖ ਧਰੈ ਭੇਖ ਧਾਰੀ ॥ ਅੰਤਰਿ ਤ੍ਰਿਸਨਾ ਫਿਰੈ ਹੰਕਾਰੀ ॥ ਗਉੜੀ ਮ: ੩ ਸ: ੩ ॥ ਪੁਨਾ,ਭੇਖੀ ਅਗਨ ਨਾ ਬੁਝਹੇ ਚਿੰਤਾ ਹੈ ਮਨ ਮਾਹਿ ॥



Digitized by Panjab Digital Library | www.panjabdigilib.org

ਵਡਹੰਸ ਵਾਰ ਸ: ੬ ॥ ਪੁਨਾ, ਭੇਖ ਦਿਖਾਵੈ ਸਚੁ ਨਾ ਕਮਾਵੈ ॥ ਸੂਹੀ ਸ: ਮ: ੫ ਸ: ੩ ॥ ਪੁਨਾ, ਬਹੁਤੇ ਭੇਖ ਧਰੈ ਭੇਖਧਾਰੀ ॥ ਬਿਨ ਸਬਦੇ ਹਉਮੈ ਕਿਨੇ ਨਾ ਮਾਰੀ ॥ ਮਾਰੂ ਮ: ੩ ਸ: ੨੩ ॥ ਪੁਨਾ, ਭੇਖੀ ਹਾਥ ਨਾ ਲਭਹੀ ਤੀਰਥ ਬਹੁ ਦਾਨੈ ॥ ਮਾਰੂ ਮ: ੧ ਅ: ੬ ॥ ਪੁਨਾ, ਭੇਖ ਵਰਨ ਦੀਸੇ ਸਭ ਖੇਹਿ ॥ ਆਸਾ ਮ: ੧ ॥ ਸ: ੧੧ ॥

ਪਾਠਕ ਜੀ, ਗੁਰੂ ਜੀ ਭੇਖਾਂ ਤੇ ਵਰਨਾ ਨੂੰ ਖੇਹ ਦਸਦੇ ਹੈਨ ਅਤੇ ਸਿਖੀ ਲਾਈਨ ਦੀ ਸਿਖਾਂ ਨੂੰ ਰਹਿਤ ਦਸਦੇ ਹਨ। ਗੁ: ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੋ ਭਲਕੇ ਉਠ ਹਰਿ ਨਾਮੁ ਧਿਆਵੈ ॥ ਉਦਮ ਕਰੇ ਭਲਕੇ ਪਰਭਾਤੀ ਇਸਨਾਨ ਕਰੈ ਅੰਮ੍ਰਿਤਸਰਿ ਨਾਵੈ ॥ ਫਿਰ ਚੜਹਿ ਦਿਵਸੁ ਗੁਰਬਾਣੀ ਗਾਵੈ ॥ ਬਹਿੰਦਿਆ ਉਠਦਿਆਂ ਹਰਿ ਨਾਮੁ ਧਿਆਵੈ ॥ ਜੋ ਸਾਸੁ ਗਿਰਾਸੁ ਧਿਆਏ ਮੇਰਾ ਹਰਿ ਹਰਿ ਸੋ ਗੁਰੂ ਸਿਖੁ ਗੁਰੂ ਮਨੁ ਭਾਵੈ ॥ ਜਨ ਨਾਨਕ ਧੂੜ ਮੰਗੈ ਤਿਸ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਗਉੜੀ ਕੀ ਵਾਰ ਪਹਿਲੀ ਸ: ੧੦ ॥

ਪਾਠਕ ਜੀ, ਜੋ ਅਸੂਲ ਸਿਖਾਂ ਦੀ ਰਹਿਣੀ ਦੇ ਹਨ, ਉਹੋ ਅਸੂਲ ਗੁਰੂ ਜੀ ਨੇ ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਅੰਦਰ ਗੁਰਾਂ ਤੇ ਅਸੈਂ-ਬਲੀ ੮੪, ਮੈਂਬਰਾਂ ਨੇ ਲਿਖ ਦਿਤੇ ਹਨ। ਅਤੇ ਜੋ ਬੁਧੂ ਮੂਰਖ ਟੋਲਾ, ੨੫ ਕੁਰੈਹਿਤਾਂ ਸਿਖੀ ਅਸੂਲ ਜਾਣ ਕੇ ਵਰਤ ਰਹੇ ਹਨ। ਜੇ ਇਹ ੨੫ ਕੁਰਹਿਤਾਂ ਸਿਖੀ ਅਸੂਲ ਹੁੰਦੇ ਤਾਂ ਗੁਰੂ ਜੀ ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਅੰਦਰ ਨਾ ਲਿਖ ਦੇਂਦੇ :- ਗੁਰ ਸਤਿਗੁਰ ਕਾ ਜੋ ਸਿਖ ਸਦਾਵੈ। ਕੜੇ ਕਛੇ ਕ੍ਰਿਪਾਨਾਂ ਪਾਵੈ। ਕਾਲੇ ਸਾਫੇ ਸੀਸ ਬੰਨ੍ਹਾਵੈ। ਤੇ ਗਲੂ ਵਿਚ ਪੀਲੇ ਪਰਨੇ ਪਾਵੈ। ਪਤਾਸੇ ਪਾਣੀ ਵਿਚ ਪਾਵੈ। ਵਿਚ ਦੇਵੀ ਦੀ ਕ੍ਰਿਪਾਨ ਫਿਰਾਵੈ। ਖੜੇ ਹੋਏ ਸਿਖਾਂ ਨੂੰ ਪਿਲਾਵੈ। ਵਾਹਿਗੁਰੂ ਕੀ ਫਤੇ ਸਿਖਾਵੈ। ਹਿੰਦੂਆਂ ਦੇ ਤਿਉਹਾਰ ਮਨਾਵੈ। ਸਿੰਘ ਸਭੀਆ ਅਕਾਲੀ ਕਹਾਵੈ। ਭਗੌਤੀ ਦੀ ਅਰਦਾਸ ਕਰਾਵੈ।ਰਖੜੀ ਲੋਹੜੀ ਦੀਵਾਲੀ ਮਨਾਵੈ।



Digitized by Panjab Digital Library | www.panjabdigilib.org

ਜੜ ਮੰਜੀ ਸ਼ਸਤ੍ਰ ਪੂਜ ਕਰਾਵੈ। ਤਾਂ ਸਤਿਗੁਰ ਕਾ ਸਿਖ ਸਦਾਵੈ। ਝੂਠੇ ਦੋਹਰੇ ਮੁਖ ਤੋਂ ਗਾਵੈ। ਗੁਰਬਾਣੀ ਨਾ ਗੁਰੂ ਦਸਾਵੈ। ਵਾਂਗ ਹਿੰਦੂਆਂ ਬੁਤ ਪ੍ਰਸ ਸਦਾਵੈ। ਐਸੇ ਸਿਖ ਸਤਿਗੁਰ ਕੋ ਭਾਵੈ। ਤਿਨ ਕੀ ਧੂੜ ਨਾਨਕ ਮੁਖ ਲਾਵੈ।

ਪਾਠਕ ਜੀ, ਇਹ ਝੂਠਾ ਪਖੰਡ ਬ੍ਰਾਹਮਣਾਂ,ਗਰੰਥੀਆਂ ਦਾ ਫੈਲਾ-ਇਆ ਹੋਇਆ ਗੁਰਬਾਣੀ ਅੰਦਰ ਨਹੀਂ ਲਿਖਿਆ ਹੈ, ਜੋ ਬੁਧੂ ਟੋਲਾ ਸਿਖੀ ਅਸੂਲ ਸਮਝ ਰਹੇ ਹਨ, ਪਰੰਤੂ ਜੇ ਇਹ ਮੂਰਖ ਟੋਲਾ ਗੁਰੂ ਕੇ ਸਿਖ ਹੋਵਣ ਤਾਂ ਸਚੀ ਗੁਰਬਾਣੀ, ਜੋ ੮੪ ਮੈਂਬਰਾਨ ਆਸੈਂਬਲੀ ਇਜਲਾਸ ਦੀ ਮਨਜ਼ੂਰੀ ਨਾਲ ਰਚੀ ਗਈ ਹੈ। ਦਰਗਾਹੀ ਕਾਨੂੰਨ ਸਿਖੀ ਲਾਈਨਾਂ ਦੀ ਵਰਤੋਂ ਇਸ ਨੂੰ ਪੜ੍ਹਨ ਤੇ ਵੀਚਾਰਨ। ਇਹ ਟੋਲਾ ਭਾਈ ਮਾਨ ਸਿੰਘ ਨਿਹੰਗ ਦੇ ਸਿਖ ਹਨ। ਵੇਖੋ ਸੂਰਜ ਪ੍ਰਕਾਸ਼ ਖਸਟਮ ਰੁਤ ੪੮ ਅਠਤਾਲੀ ਅਸੂ, ਜਦੋਂ ਗੁਰੂ ਜੀ ਚਮਕੌਰ ਗੜ੍ਹੀ ਵਿਚੋਂ ਨਿਕਲੇ ਹਨ ਬਾਗ ਅੰਦਰ ਪੁਜੇ, ਮਾਨ ਸਿੰਘ ਨਿਹੰਗ ਨੂੰ ਵਰ ਦਿਤਾ ਤੇਰਾ ਅਕਾਲੀ ਪੰਥ ਚਲੇਗਾ। ਇਨ੍ਹਾਂ ਦਾ ਗੁਰ ਅਸਥਾਨਾਂ ਨਾਲ ਕੋਈ ਸੰਜੋਗ ਨਹੀਂ ਹੈ, ਇਹ ਮਾਨ ਸਿੰਘ ਦਾ ਨਿਹੰਗੀ ਟੋਲਾ ਜਬਰਨ ਡਾਕਾ ਮਾਰੀ ਬੈਠਾ ਹੈ। ਇਨ੍ਹਾਂ ਨੂੰ ਸੰਮਤ ਬਿਕਰਮੀ ੧੯੬੫ ਤੋਂ ਗਰੰਥ ਲਿਖ ਲਿਖ ਕੇ ਸਮ-ਝਾਇਆ ਜਾ ਰਿਹਾ ਹੈ,ਇਸ ਨਿਹੰਗੀ ਪਖੰਡ ਨੂੰ ਤੇ ਬ੍ਰਾਹਮਣਾਂ ਗਰੰਥੀਆਂ ਦੀਆਂ ਝੂਠੀਆਂ ਕੁਰਹਿਤਾਂ ਨੂੰ ਛਡ ਕੇ ਸਚੀ ਗੁਰਬਾਣੀ ਪੋਥੀ ਪਾਵਨ ਬੀੜ ਦੇ ਅਨੁਸਾਰ ਚਲੋ। ਗੁਰ ਨਾਨਕ ਨਿਰਮਲ ਨਿਰੰਕਾਰੀ ਜੀ ਦੇ ਸਿਖ ਕਹਾਓ। ਸਚੀ ਗੁਰਬਾਣੀ ਅਨਸਾਰ ਨਿਰੰਕਾਰੀ ਕਹਾਓ। ਅਕਾਲੀ ਸਿੰਘ ਸਭੀਆ ਗੁਰਬਾਣੀ ਅੰਦਰ ਕੋਈ ਲਾਈਨ ਨਹੀਂ ਹੈ। ਜੇ ਆਪ ਨੇ ਅਕਾਲੀ ਸਿੰਘ ਸਭੀਆ ਨਹੰਗ ਹੀ ਹੋਣਾ ਹੈ ਤਾਂ ਗੁਰ ਅਸਥਾਨਾਂ ਤੋਂ ਆਪਣਾ ਹਥ ਉਠਾ ਲਵੋ। ਨਹੀਂ ਤਾਂ ਤੁਹਾਡੇ ਨਾਲ ਵੀ ਪੰਡਤਾਂ ਬ੍ਰਾਹਮਣਾਂ ਤੇ ਉਦਾਸੀਆਂ ਵਾਲਾ ਸਲੂਕ ਹੋਵੇਗਾ। ਗੁ: ਗੁਰ ਸਿਖ ਮੀਤ



Digitized by Panjab Digital Library | www.panjabdigilib.org

ਚਲਹੁ ਗੁਰ ਚਾਲੀ ॥ ਜੋ ਗੁਰ ਕਹਿ ਭਲਾ ਕਰਿ ਮਾਨੋ ਹਰਿ ਹਰਿ ਕਥਾ ਨਿਰਾਲੀ ॥ ਧਨਾਸਰੀ ਮ: ੪ ਸ: ੪ ॥ ਪੁਨਾ, ਸੋ ਸਿਖ ਸਖਾ ਬੰਧਪ ਹੈ ਭਾਈ, ਜੋ ਗੁਰ ਕੇ ਭਾਣੇ ਵਿਚ ਆਵੈ ॥ ਆਪਣੇ ਭਾਣੇ ਜੋ ਚਲੈ ਭਾਈ ਵਿਛੜ ਚੋਟਾ ਖਾਵੈ ॥ ਸੋਰਠ ਮ: ੩ ਸ: ੬ ॥

ਪਾਠਕ ਜੀ, ਸਤਿਗੁਰੂ ਜੀ ਦਾ ਹੁਕਮ ਹੈ, ਗੁ: ਆਵਹੁ ਸਿਖ ਸਤਿਗੁਰ ਕੇ ਪਿਆਰਿਹੁ ਗਾਵਹੁ ਸਚੀ ਬਾਣੀ ॥ ਬਾਣੀ ਤਾ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ ॥ ਅੰਕ ੨੩, ਪੁਨਾ, ਸਤਿਗੁਰੂ ਬਾਝਹੁ ਹੋਰ ਕਚੀ ਹੈ ਬਾਣੀ ॥ ਬਾਣੀ ਤਾ ਕਚੀ ਸਤਿਗੁਰੂ ਬਾਝਹੁ ਹੋਰਿ ਕਚੀ ਹੈ ਬਾਣੀ ॥ ਕੈਦੇ ਕਚੇ ਸੁਣਦੇ ਕਚੇ ਕਚੀ ਆਖ ਵਖਾਣੀ ॥ ਕਹ ਨਾਨਕ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਅਨੰਦ ਅੰਕ ੨੪ ॥

ਪਾਠਕ ਜੀ ਜੋ ਇਸ ਹੁਕਮ ਤੇ ਨਹੀਂ ਚਲਦੇ, ਕਚੀ ਕਾਵ ਰਚਨਾ ਅਨੁਸਾਰ ਚਲਦੇ ਹਨ, ਉਹ ਗੁਰੂ ਕੇ ਸਿਖ ਨਹੀਂ ਹਨ, ਮਾਨ ਸਿੰਘ ਨਿਹੰਗ ਦੇ ਸਿਖ ਹਨ ।

## ਅੰਤਮ ਮਰਿਯਾਦਾ

ਪਾਠਕ ਜੀ, ਜਦੋਂ ਸਿਖ ਉਮਰ ਭੋਗ ਕੇ ਸਚਖੰਡ ਜਾਂਵਦਾ ਹੈ ਅੰਤਮ ਮਰਯਾਦਾ ਸੁਣੋ । ਹਿੰਦੂ ਰੋਸ ਕਰਦੇ ਹਨ । ਗੁ: ਅਪਣੀ ਇਮਾਨੁ ਬਹੁਰੁ ਸਾਹੁ ਲੇਹ ॥ ਅਗਿਆਨੀ ਮਨ ਰੋਸ ਕਰੈ ॥ ਸੁਖਮਨੀ ਸ: ੪ ॥ ਪੁਨਾ, ਕਬੀਰੁ ਅਵਰੁ ਮੂਏ ਕਿਆ ਰੋਈਐ ਜੋ ਆਪਾ ਥਿਰ ਨਾ ਰਹਾਏ ॥ ਜੋ ਉਪਜੇ ਸੋ ਬਿਨਸ ਹੈ ਦੁਖ ਕਰ ਹੋਇ ਬਲਾਇ ॥ ਸ: ਕਬੀਰ ॥ ਪੁਨਾ, ਮਤ ਮੈ ਪਿਛੇ ਜੋ ਰੋਵਸੀ ਸੋ ਮੈ ਮੂਲ ਨਾ ਭਾਇਆ ॥ ਸਦੁ ॥ ਪੁਨਾ, ਧੰਧਾ ਪਿਟੋ ਭਾਈਓ ਤੁਮ੍ਹ ਕੂੜ ਕਮਾਵੋ ॥ ਉਹ ਨਾ ਸੁਨੇਹੀ ਆਇ ਕੇ ਤੁਮ੍ਹ ਕੂੜ ਕਮਾਵੋ ॥ ਕਿਸ ਨੂੰ ਬਾਬਾ ਰੋਈਏ ਬਾਜੀ ਹੈ ਸੰਸਾਰੋ ॥ ਅਲਾਹਣੀਆਂ ॥ ਹਿੰਦੂ ਦੀਵਾ ਮਣਸਦੇ ਹਨ । ਗੁ: ਦੀਵਾ ਮੇਰਾ ਏਕ ਨਾਮੁ ਦੁਖ ਵਿਚ ਪਾਇਆ ਤੇਲ ॥ ਉਨਉਚਾਨਨ ਉਨ ਸੋਕਿਆ ਚੂਕਾ ਜਮੁ



Digitized by Panjab Digital Library | www.panjabdigilib.org

ਸਉ ਮੇਲੁ ॥ ਆਸਾ । ਸਫਾ ੩੫੮ ॥ ਪੁਨਾ, ਪਿੰਡ ਪਤਲੁ ਮੇਰੀ ਕੇਸੋ ਕਿਰਿਆ ਸਚੁ ਨਾਮ ਕਰਤਾਰੁ ॥ ਆਸਾ ਸਫਾ ੩੫੮ ॥ ਪੁਨਾ, ਅਲਾ-ਹਣੀਆ ਗੁ: ਧੰਧੁ ਸਿਰੰਦਾ ਸਚਾ ਪਾਤਸਾਹੁ ਜਿਨ ਜਗ ਧੰਦੜੇ ਲਾਇਆ। ਵਡਹੰਸੁ ॥ ਪੁਨਾ, ਮਾਰੂ ਸੋਹਿਲੇ ਪੁਨਾ, ਗੁ: ਜੀਵਤ ਪਿਤਰ ਨਾ ਮਾਨੇ ਕੋਊ ਮੂਆ ਸਰਾਧ ਕਰਾਈ ॥ ਪਿਤਰੀ ਬਪੁਰੇ ਕਿਆ ਕਰਿ ਪਾਵੈ ਕਊਆ ਕੂਕਰੁ ਖਾਈ ॥ ਪੁਨਾ, ਕਬੀਰ ਗੰਗਾ ਤੀਰ ਜੋ ਘਰਿ ਕਹੈ ਪੀਵੈ ਨਿਰਮਲੁ ਨੀਰੁ ॥ ਬਿਨ ਹਰਿ ਭਗਤੁ ਨਾ ਮੁਕਤ ਹੋਇ ਇਹੁ ਕਹਿ ਰਮੇ ਕਬੀਰ ॥ ਸ: ਕਬੀਰ ॥

ਪਾਠਕ ਜੀ, ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਇਹ ਗੁਰੂ ਨਹੀਂ ਹੈ। ਇਹ ਸਚਖੰਡੀ ਕਾਨੂੰਨ ਗੁਰੂ ਅਸੈਂਬਲੀ ਇਜਲਾਸ ਦਾ ਹੁਕਮ ਹੈ, ਸਿਖਾਂ ਦੇ ਵਰਤਣ ਵਾਸਤੇ ਸਾਰੀ ਅਵਸਥਾ ਅੰਦਰ ਜਨਮ ਤੋਂ ਲੈ ਕੇ ਸਚਖੰਡ ਪੁਜਣ ਤਕ ਸਮੇਂ ਸਮੇਂ ਅਨੁਸਾਰ ਦੀ ਸਿਖਿਆ ਹੈ। ਸਿਖਾਂ ਦੇ ਵਰਤਣ ਵਾਸਤੇ ਕਾਨੂੰਨ ਹੈ ਅਤੇ ਪਰਤਖ ਦੇਹ ਧਾਰੀ ਗੁਰੂ ਜੱਜ ਹੈ। ਹਰ ਇਕ ਸਮੇਂ ਅਨੁਸਾਰ ਫੈਸਲਾ ਕਾਨੂੰਨ ਮੁਤਾਬਕ ਦੇਂਦਾ ਹੈ। ਜੀਵ ਸਿਖ ਜੈਸੇ ਜੈਸੇ ਕੰਮ ਕਰੇਗਾ, ਐਸਾ ਹੀ ਉਸ ਸਿਖ ਨੂੰ ਫਲ ਕਾਨੂੰਨ ਮੁਤਾਬਕ ਦੇਵੇਗਾ। ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਅੰਦਰ ਸਾਫ ਲਿਖਿਆ ਹੈ, ਗੁ: ਬਾਣੀ 'ਗੁਰੂ' ਗੁਰੂ ਹੈ 'ਬਾਣੀ' (ਭਾਵ 'ਬਾਣੀ' ਜੋ ਸਚਾ ਕਾਨੂੰਨ ਤਖਤ ਤੇ ਪਿਆ ਹੈ ਤਾਂ ਗੁਰੂ–ਪ੍ਰਤਖ ਦੇਹਿਧਾਰੀ ਗੁਰੂ ਜੱਜ ਦੀ ਜ਼ਰੂਰਤ ਹੈ, ਕਿਉਂਕਿ ਫੈਸਲਾ ਜੱਜ ਨੇ ਦੇਣਾ ਹੈ, ਕਾਨੂੰਨ ਫੈਸਲਾ ਨਹੀਂ ਦੇ ਸਕਦਾ। ਅਤੇ ਜੋ) ਗੁਰੂ ਹੈ ਤਾਂ ਬਾਣੀ ਦੀ ਜ਼ਰੂਰਤ ਹੈ। ਦੋਹਾਂ ਦੇ ਮਿਲਾਪ ਪੁਰ ਫੈਸਲਾ ਹੋਵਣਾ ਹੈ। ਗੁ: ਦੋ ਮਿਲ ਕਾਰਜ ਉਪਜੇ ਰਾਮੁ ਨਾਮੁ ਸੰਜੋਗ ॥ ਗਉੜੀ ਕਬੀਰ ਸਬਦ ੫੫ ॥ ਗੁ: ਵਿਚੁ ਬਾਣੀ ਅੰਮ੍ਰਿਤ ਸਾਰੇ ॥ ਭਾਵ (ਬਾਣੀ ਵਿਚ ਅੰਮ੍ਰਿਤ ਰੂਪੀ ਸਚਾ ਇਨਸਾਫ ਹੈ (ਗੁ: ਗੁਰੁ 'ਬਾਣੀ ਕਹੈ ਸੇਵਕ ਜਨੁ ਮਾਨੇ' ਭਾਵ ਗੁਰੂ ਜਜ ਅਤੇ ਬਾਣੀ ਕਾਨੂੰਨਦੋਹਾਂ



Digitized by Panjab Digital Library | www.panjabdigilib.org

ਦੀ ਸੰਮਤੀ ਮਿਲ ਕੇ ਜੋ ਹੁਕਮ ਗੁਰੂ ਜਜ ਦੇਵੇ ਅਤੇ ਜਗਿਆਸੂ ਉਸ ਹੁਕਮ ਨੂੰ ਸਿਰ ਮਥੇ ਤੇ ਮੰਨ ਲਵੇ, ਉਸ ਜਗਿਆਸੂ ਨੂੰ ਪਰਤਖ ਗੁਰੂ ਗੁਰੂ ਜੱਜ-ਨਿਸਤਾਰੇ (ਭਾਵ ਨਿਸ ਨਾਮ ਹੈ ਰਾਤ ਦਾ) ਜਿਸ ਤਰ੍ਹਾਂ ਰਾਤ ਨੂੰ ਤਾਰੇ ਦੀ ਰੌਸ਼ਨੀ ਸਗਲ ਸੰਸਾਰ ਤੇ ਪੈਂਦੀ ਹੈ, ਇਸ ਤਰ੍ਹਾਂ ਉਸ ਜਗਿਆਸੂ ਦਾ ਚਮਤਕਾਰ ਬ੍ਰਹਿਮੰਡ ਤੇ ਪੈਂਦਾ ਹੈ।

ਪਾਠਕ ਜੀ, (ਪ੍ਰਤਖਿ,ਪਦ ਦਾ ਅਰਥ ਦੇਹਧਾਰੀ ਹੈ ਜੈਸੇ ਕਿ ਧੰਨੇ ਭਗਤ ਨੂੰ ਪਰਤਖ ਹੋ ਕੇ ਦਰਸ਼ਨ ਦਿਤਾ। ਰੋਟੀ ਖਾਧੀ, ਲਸੀ ਪੀਤੀ, ਗਊਆਂ ਚਰਾਈਆਂ,ਕਿਆਰੇ ਸਿੰਚੇ ਪਰਤਖ ਦੇਹ ਧਾਰ ਕੇ। ਗੁ: ਮਿਲੇ ਪਰਤਖਿ ਗੋਸਾਈਆ ਧੰਨਾ ਵਡਭਾਗਾ ॥ ਆਸਾ ਧੰਨਾ ਜੀ ਮ:੫॥ ਪੁਨਾ, ਬ੍ਰਹਮੁ ਪਾਤੀ ਬਿਸਨ ਡਾਲੀ ਫੂਲ ਸੰਕਰਿ ਦੇਉ। ਤੀਨ ਦੇਵ 'ਪ੍ਰਤਖਿ' ਤੋੜੇ ਕਰੇ ਕਿਸਕੀ ਸੇਵ ॥ ਆਸਾ ਕਬੀਰ ਜੀ ॥ ਪੁਨਾ, ਪ੍ਰਤਖਿ ਸ੍ਰੀ ਗੁਰੂ ਅਰਜਨ ਕੈ ਹਰਿ ਪੂਰਨ ਬ੍ਰਹਿਮ ਨਿਵਾਸ ਕੀਓ ॥ ਸੁਵਏ ਮ: ਪਵੇਂ ਕੇ।

ਪਾਠਕ ਜੀ, ਇਸ ਮੂਰਖ ਟੋਲੇ ਨੂੰ ਨਾ ਹੀ ਪਦ ਛੇਦਨ ਦਾ ਪਤਾ ਹੈ ਅਤੇ ਨਾ ਹੀ ਗੁਰਬਾਣੀ ਦੇ ਭਾਵ ਨੂੰ ਸਮਝਦੇ ਹਨ। ਗੁ: ਛੋਡਿ ਸੁਆਮੀ ਅਨੁ ਕੋ ਚਿਤਵੈ ਮੂੜ ਮੁਘਧ ਨਰਿ ਖਰਿਤੈ ॥ ਕਾਗਰੁ ਨਾਵ ਲਘੈ ਕਤਿ ਸਾਗਰਿ ਬਿਰਥਾ ਕਥ ਹਮ ਤਰਿਤੇ ॥ ਮਲਾਰ ਮ: ੫ ਸ: ੪॥ ਭਾਵ, ਛੋਡ ਸੁਆਮੀ ਆਨ ਕੋ ਚਿਤਵੈ। ਅਰਥ ਜਿਹੜੇ ਪੁਰਸ਼ ਸੁਆਮੀ ਨਿਰੰਕਾਰ ਜੀ ਨੂੰ ਛਡ ਕੇ ਹੋਰ ਜਾਪ ਕਰਦੇ ਹਨ। (ਮੂੜ ਮੁਘਦੁ ਨਰਿ ਖਰ ਤੇ) ਭਾਵ ਉਹੋ ਮੂਰਖ ਮਨ ਹਠੀ ਨਰ ਹਨ। (ਖਰ) ਭਾਵ ਖੋਤੇ ਹਨ। ਗੁ: ਕਾਗਰੁ ਨਾਵ ਲਘੈ ਕਤਿ ਸਾਗਰੁ ॥ ਭਾਵ ਕਾਗਜ਼ਾਂ ਦੀ ਬੇੜੀ ਸਮੁੰਦਰ ਤੋਂ ਪਾਰ ਕਿਸ ਤਰ੍ਹਾਂ ਹੋ ਸਕਦੀ ਹੈ। ਗੁ: ਬਿਰਥਾ ਕਥਤੁ ਹਮੁ ਤਰਿਤੇ ॥ ਭਾਵ, ਉਹ ਸਜਣ ਝੂਠਾ ਦੋਹਿਰਾ ਬੋਲਦੇ ਹੈਨ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗਰੰਥ ॥



Digitized by Panjab Digital Library | www.panjabdigilib.org

ਪਾਠਕ ਜੀ, ਕਾਗਜ਼ ਅਤੇ ਸ਼ਾਹੀ ਗੁਰੂ ਨਹੀਂ ਹੈ, ਇਹ ਸਤਿ-ਗੁਰਾਂ ਦੇ ਹੁਕਮ ਹਨ। ਸਿਖੀ ਲਾਈਨ ਦੀਆਂ ਨਸੀਹਤਾਂ ਹਨ। ਗ੍ਰਿਹਿ-ਸਤ ਅੰਦਰ ਰਹਿ ਕੇ ਵਰਤਣ ਦੀਆਂ। ਜੈਸੇ ਗੁਰਵਾਕ, ਜਾਗਤਿ ਰਹਿ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ॥ ਗਿਰਹੀ ਮੈ ਹਰਿ ਜਨੁ ਸਦਾ ਉਦਾਸੀ ਗਿਆਨੁ ਤਤਿ ਬੀਚਾਰੀ॥ ਸਫਾ ੫੯੯॥ ਜਾ ਕੇ ਸੇਵਤਿ ਰਹਿ ਤਿਨੀ ਪ੍ਰਭ ਪਾਇਆ ਮਜ਼ਬੀ ਹਉਮੈ ਧਾਰੀ॥ ਗ੍ਰਸਤਿ ਕਾਟੁੰਬ ਮੈ ਫਿਰੈ ਹੰਕਾਰੀ॥ ਕੜੇ ਕਛੁ ਕ੍ਰਿਪਾਨੁ ਪਿਆਰੀ॥

ਪਾਠਕ ਜੀ, ਕੋਈ ਪੰਗਤੀ ਇਸ ਤਰ੍ਹਾਂ ਦੀ ਗੁਰਬਾਣੀ ਅੰਦਰ ਹੈ ਜੋ ਅਕਾਲੀ ਵਰਤ ਰਹੇ ਹਨ। ਇਨ੍ਹਾਂ ਦੀ ਜੋ ਰਹਿਤ ਮਰਯਾਦਾ ਹੈ, ਜਿਸ ਨੂੰ ਸਿਖੀ ਅਸੂਲ ਸਮਝ ਰਹੇ ਹਨ। ਇਹ ਬ੍ਰਾਹਮਣਾਂ ਗਰੰਥੀਆਂ ਦਾ ਪਾਖੰਡ ਹੈ। ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਦੇ ਵਿਰੁਧ ਹੈ, ਜੈਸੇ ਹੋਰ ਮਜ਼ਬ ਭੇਖ ਹਨ, ਇਸ ਤਰ੍ਹਾਂ ਇਨ੍ਹਾਂ ਨੂੰ ਬ੍ਰਾਹਮਣਾਂ ਗਰੰਥੀਆਂ ਨੇ ਜਿਨ੍ਹਾਂ ਦੇ ਕਬਜ਼ੇ ਅੰਦਰ ਗੁਰਦਵਾਰੇ ੨੫੦ ਬਰਸ ਰਹੇ ਹਨ। ਗੁ: ਪੇਖੇ ਬਿੰਜਨ ਪਰੋਸਨਹਾਰੇ॥ ਜਿਨੁ ਭੋਜਨ ਕੀਆ ਸੇਈ ਤ੍ਰਿਪਤਾਰੇ॥ ਅਨਕ ਸੁਆਗ ਕਾਛੇ ਭੇਖਧਾਰੀ॥ ਜੈਸੋ ਸਾ ਤੈਸੋ ਦ੍ਰਿਸਟਾਰੀ॥ ਕਾਨੜਾ ਮ: ੫ ਸ: ੫॥

ਪਾਠਕ ਜੀ, ਜ਼ਰਾ ਵੀਚਾਰ ਕਰੋ, ਇਕ ਹਿੰਦੂ ਹੈ, ਉਹ ਮੁਸਲਮਾਨ ਬਣ ਜਾਂਦਾ ਹੈ। ਅੰਦਰ ਦੀ ਵਸ਼ੇਸ਼ਨਾ ਵਧ ਜਾਂਦੀ ਹੈ, ਜੈਸਾ ਖੂਨ ਹਿੰਦੂ ਵਿਚ ਹੈ ਅਤੇ ਜੈਸੀਆਂ ਅਖਾਂ ਨਕ ਕੰਨ ਬਾਹਵਾਂ ਹਥ ਹਿੰਦੂ ਦੇ ਹਨ ਐਸੇ ਹੀ ਮੁਸਲਮਾਨ ਦੇ ਹਨ, ਕੋਈ ਫਰਕ ਨਹੀਂ। ਸਿਰਫ ਹਿੰਦੂ ਮਜ਼ਬ ਦੇ ਜਾਲ ਵਿਚੋਂ ਨਿਕਲ ਕੇ ਮੁਸਲਮਾਨ ਮਜ਼ਬ ਦੇ ਜਾਲ ਅੰਦਰ ਫਸ ਗਿਆ ਗੁ: ਤੁਮ ਕਤਿ ਬ੍ਰਾਹਮਣੁ ਹਮ ਕਤ ਸੂਦ॥ ਹਮ ਕਤਿ ਲਹੂ ਤੁਮ ਕਤਿ ਦੂਧ॥ ਜੇ ਤੂ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹਿ ਨਹੀਂ ਆਇਆ॥ ਭਾਵ ਕਬੀਰ ਜੀ ਬ੍ਰਾਹਮਣ ਨੂੰ ਕਹਿੰਦੇ ਹਨ, ਹੇ



Digitized by Panjab Digital Library | www.panjabdigilib.org

ਬ੍ਰਾਹਮਣ, ਤੂੰ ਮੈਨੂੰ ਸੂਦਰ ਦਸਦਾ ਹੈਂ। ਜੇਕਰ ਤੂੰ ਬ੍ਰਾਹਮਣ ਹੈਂ ਅਤੇ ਮੈਂ ਸੂਦਰ ਹਾਂ ਤਾਂ ਹਮ ਕਤ ਲਹੂ ਤੁਮ ਕਤਿ ਦੂਧ॥ ਜੇ ਤੂੰ ਬ੍ਰਾਹਮਣ ਹੈਂ ਤਾਂ ਜਿਸ ਰਸਤੇ ਭਗ ਵਿਚੋਂ ਮੈਂ ਜੰਮਿਆਂ ਹਾਂ, ਉਸੀ ਭਗ ਵਿਚੋਂ ਤੂੰ ਜੰਮਿਆਂ ਹੈਂ ਤੂੰ ਦੂਸਰੇ ਰਸਤੇ ਕਿਉਂ ਨਹੀਂ ਜੰਮਿਆਂ। ਅਖਾਂ ਵਿਚੋਂ ਨਾਸ ਵਿਚੋਂ ਜਾਂ ਕੰਨਾਂ ਵਿਚੋਂ ਜੰਮਦਾ ਤਾਂ ਤੇ ਤੂੰ ਬ੍ਰਾਹਮਣ ਸੀ, ਜਿਸ ਰਸਤੇ ਮੈਂ ਆਇਆ ਹਾਂ ਤੂੰ ਭੀ ਉਸੀ ਭਗ ਵਿਚੋਂ ਜੰਮਿਆਂ ਹੈਂ। ਅਤੇ ਸੰਸਾਰ ਸਾਰਾ ਉਸੀ ਰਸਤੇ ਆ ਰਿਹਾ ਹੈ, ਜਿਹੜਾ ਭੀ ਬ੍ਰਹਮ ਦਾ ਬੀਚਾਰ ਕਰੇ, ਉਹ ਹੀ ਮੁਕਤ ਹੋਵੇਗਾ। ਹਿੰਦੂ, ਮੁਸਲਿਮ, ਈਸਾਈ ਸਿਖ ਕਹਾਵਣਾ ਸਭ ਫਕੜੀ ਹੈ। ਸਿਖ ਉਹੋ ਕਹਾ ਸਕਦਾ ਹੈ, ਗੁ: ਸਿਖੀ ਸਿਖਿਆ ਗੁਰ ਵੀਚਾਰ॥ ਨਦਰੀ ਕਰਮੁ ਲੰਘਾਇ ਪਾਰੁ॥ ਵਾਰ ਆਸਾ॥ਭਾਵ ਜਿਸ ਪੁਰਖ ਨੇ ਗੁਰੂ ਕੀ ਸਿਖਿਆ ਤੇ ਅਮਲ ਕੀਤਾ, ਉਹ ਸਿਖ ਹੈ। ਉਸ ਨੂੰ ਗੁਰੂ ਕਿਰਪਾ ਦੀ ਨਜ਼ਰ ਕਰ ਕੇ ਪਾਰ ਕਰ ਦੇਂਦਾ ਹੈ। ਉਸ ਸਿਖ ਅਤੇ ਗੁਰੂ ਵਿਚ ਕੁਝ ਫਰਕ ਨਹੀਂ ਰਹਿੰਦਾ। ਗੁਰੂ ਭੀ ਨਿਰੰਕਾਰੀ ਹੈ। ਅਤੇ ਸਿਖ ਵੀ ਨਿਰੰਕਾਰੀ ਹੈ। ਗੁ: ਗੁਰੂ ਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਇਆ ॥ ਆਸਾ ਮ: ੪ ਛੰਤ ੮॥ ਜੈਸੇ ਜੋ ਦਰਜੀ ਦੀ ਸਿਖਿਆ ਲੈਂਦਾ ਹੈ ਸੋ ਦਰਜੀ ਹੀ ਕਹਾਉਂਦਾ ਹੈ। ਜੋ ਸੁਨਾਰ ਦੀ ਸਿਖਿਆ ਲੈਂਦਾ ਹੈ ਸੋ ਸੁਨਾਰ ਕਹਾਉਂਦਾ ਹੈ। ਜੋ ਲੁਹਾਰ ਦੀ ਸਿਖਿਆ ਲੈਂਦਾ ਹੈ ਸੋ ਲੁਹਾਰ ਕਹਾਉਂਦਾ ਹੈ। ਜੋ ਇੰਜੀਨੀਅਰ ਦੀ ਸਿਖਿਆ ਲੈਂਦਾ ਹੈ ਸੋ ਇੰਜੀਨੀਅਰ ਹੋ ਜਾਂਦਾ ਹੈ ਐਸੇ ਹੀ ਜੋ ਗੁਰੂ ਦੀ ਸਿਖਿਆ ਹੈ ਸੋ ਗੁਰੂ ਹੋ ਜਾਂਦਾ ਹੈ। ਗੁ: ਨਾਨਕ ਗੁਰ ਤੇ ਗੁਰ ਹੋਇਆ ਵੇਖੋ ਤਿਸਦੀ ਰਜਾਏ॥ ਗੂਜਰੀ ਮ: ੩॥

ਪਾਠਕ ਜੀ, ਸਿਖੀ ਨਾਮ ਹੈ ਗੁਰਾਂ ਦੇ ਹੁਕਮ ਤੇ ਚਲਣਾ ਉਹ ਸਿਖ ਹੈ, ਅਤੇ ਜੋ ਪਤਾਸੇ ਘੋਲ ਕੇ ਵਿਚ ਦੇਵੀ ਦੀ ਕਿਰਪਾਨ ਫੇਰ ਕੇ ਅੰਮ੍ਰਿਤ ਲੈ ਕੇ ਪੀਵਣਾ ਅਤੇ ਕੜੇ ਕਛਹਿਰੇ ਰਖਣੇ ਇਹ ਪਖੰਡ ਹੈ।



Digitized by Panjab Digital Library | www.panjabdigilib.org

ਇਹ ਗੁਰੂ ਕੀ ਸਿਖਿਆ ਨਹੀਂ ਹੈ। ਗੁਰਬਾਣੀ ਗਰੰਥ ਪੋਥੀ ਪਾਵਨ ਅੰਦਰ ਨਹੀਂ ਲਿਖੀ ਹੈ। ਝੂਠਾ ਢਾਂਚਾ ਹੈ। ਬ੍ਰਾਹਮਣਾਂ ਗਰੰਥੀਆਂ ਦਾ ਬਣਾਇਆ ਹੋਇਆ, ਪਰੰਤੂ ਮੂਰਖ ਬੁਧੂ ਟੋਲੇ ਨੂੰ ਸਮਝ ਨਹੀਂ ਆਂਵਦੀ, ਅਸੀਂ ਸੰਮਤ ਬਿਕਰਮੀ ੧੯੬੫ ਤੋਂ ਇਨ੍ਹਾਂ ਸਜਣਾਂ ਨੂੰ ਲਿਖ ਲਿਖ ਕੇ ਗੁਰਬਾਣੀ ਪਾਵਨ ਬੀੜ ਦਾ ਗਰੰਥ ਮੁਫਤ ਭੇਜ ਰਹੇ ਹਾਂ। ੧੯੬੫ ਬਿਕਰਮੀ ਤੋਂ ਲੈ ਕੇ ਹੁਣ ਤਕ ਗਰੰਥਾਂ ਦੀ ਛਪਵਾਈ ਤੇ ਭਿਜਵਾਈ ਤੇ ੭੫੦੦੦) ਗੁਰੂ ਕੇ ਖਜ਼ਾਨੇ ਵਿਚੋਂ ਖਰਚ ਹੋਇਆ ਹੈ, ਪਰੰਤੂ ਇਨ੍ਹਾਂ ਬੁਧੂਆਂ ਦੇ ਕੰਨ ਤੇ ਜੂੰ ਤਕ ਨਹੀਂ ਸਰਕੀ। ਅਸੀਂ ਇਤਨੀ ਨਰਮਾਈ ਕੀਤੀ ਹੈ ਤਦੇ ਗੁਰੂ ਜੀ ਲਿਖ ਗਏ ਹਨ ਗੁ: ਜਿਉਂ ਜਿਉਂ ਨਿਵੇ ਸਾਕਤੁ ਜਨੁ ਆਗੈ ਮੁਖ ਬੋਲੇ ਗਾਲ ਗੁਲਾਰੇ ॥ ਪੁਨਾ, ਮੂਰਖ ਗੰਢ ਪਵੈ ਮੂਹਿ ਮਾਰਿ ॥ ਪੁਨਾ, ਅਗੀ ਪਾਲਾ ਕਿਆ ਕਰੈ, ਸੂਰਜ ਕਈ ਰਾਤੁ ॥ ਮਛੀ ਤਾਰੂ ਕਿਆ ਕਰੈ ਖੁਸਰੇ ਕਿਹੀ ਜਾਤਿ ॥ ਬੋਲਾ ਜੇ ਸਮਝਾਈਐ ਪੜੀਅਹਿ ਸਿਮ੍ਰਿਤ ਪਾਠੁ ॥ ਢੋਣੇ ਸੋਨਾ ਪਾਈਅਹਿ ਚੁਣੁ ਚੁਣੁ ਖਾਵੈ ਘਾਸੁ ॥ ਨਾਨਕ ਮੂਰਖ ਇਹ ਗੁਣੁ ਬੋਲੇ ਸਦਾ ਵਿਣਾਸੁ ॥ ਸਫਾ ੧੪੩ ॥

ਪਾਠਕ ਜੀ, (ਚੋਣਾ) ਚੌਪਾਏ ਜਾਨਵਰ ਇਨ੍ਹਾਂ ਅਗੇ ਸੋਨਾ ਤੇ ਘਾਸ ਮਿਲਾ ਕੇ ਰਖੋ, ਸੋਨਾ ਨਹੀਂ ਖਾਣਗੇ, ਘਾਸ ਚੁਣ ਚੁਣ ਖਾਣਗੇ। ਸੋਨਾ ਸਚੀ ਗੁਰਬਾਣੀ ਪੋਥੀ ਪਾਵਨ ਬੀੜ ਨੂੰ ਛਡ ਕੇ ਕਚੀ ਕਾਵਿ ਰਚਨਾ ਘਾਸ। ਇਹ ਨਿਹੰਗੀ ਟੋਲਾ ਮਾਨ ਸਿੰਘ ਦਾ ਘਾਸ ਖਾ ਰਿਹਾ ਹੈ।

ਬੇਨਤੀ

ਪਿਆਰੇ ਸਜਣੋ! ਦਾਸ ਦੀ ਬੇਨਤੀ ਹੈ, ਦਾਸ ਦੀ ਅਵਸਥਾ ਬਿਰਧ ਹੈ। ੧੧੫ ਸਾਲ ਦੀ ਹੈ। ੧੯੬੫ ਬਿਕ੍ਰਮੀ ਤੋਂ ਲਿਖਣਾ ਸ਼ੁਰੂ ਕੀਤਾ ਹੈ। ਹੁਣ ਤਕ ਹਥ ਵੀ ਥਕ ਗਏ ਹਨ, ਹੁਣ ਦਾਸ ਤੇ ਕਿਰਪਾ ਕਰੋ, ਸਚੀ ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਦੇ ਅਨੁਸਾਰ ਵਰਤੋਂ ਕਰੋ ਅਤੇ ਕਚੀ ਕਾਵਿ ਰਚਨਾ ਇਤਿਹਾਸ ਬ੍ਰਾਹਮਣਾਂ ਗਰੰਥੀਆਂ ਦੇ ਰਚੇ



B-1280

Digitized by Panjab Digital Library | www.panjabdigilib.org

ਹੋਏ ਤਿਆਗ ਦੇਵੇ ਅਤੇ ਅਕਾਲੀ ਤੇ ਸਿੰਘ ਸਭੀਏ ਨਾ ਕਹਾਓ, ਆਪਣੇ ਆਪ ਨੂੰ ਨਿਰੰਕਾਰੀ ਕਹਾਓ, ਜੋ ਦਾਸ ਇਸ ਲਿਖਣ ਦੀ ਖੇਚਲ ਤੋਂ ਆਰਾਮ ਪਾਵੇ, ਦਾਸ ਧੰਨਵਾਦੀ ਹੋਵੇਗਾ ।

ਪਾਠਕ ਜੀ, ਅੰਜੀਲ ਹਜ਼ਰਤ ਯਸੂ ਨੇ ਲਿਖੀ ਹੈ, ਪਰੰਤੂ ਈਸਈ ਅੰਜੀਲ ਨੂੰ ਖੁਦਾਈ ਹੁਕਮ ਸਮਝਦੇ ਹਨ । ਅਤੇ ਕੁਰਾਨ ਸ਼ਰੀਫ ਹਜ਼ਰਤ ਮੁਹੰਮਦ ਨੇ ਲਿਖਿਆ ਹੈ । ਮੁਸਲਮ ਕੁਰਾਨ ਨੂੰ ਖੁਦਾਈ ਕਲਾਮ ਸਮਝਦੇ ਹਨ, ਚਾਹੇ ਉਹ ਇਕ ਇਕ ਦੀ ਬਣਾਈਆਂ ਹੋਈਆਂ ਕਿਤਾਬਾਂ ਹਨ ਅਤੇ ਗੁਰਬਾਣੀ ਗਰੰਥ ੮੪ ਮੈਂਬਰਾਨ ਅਸੈਂਬਲੀ ਇਜਲਾਸ ਦੀ ਸਰਬ ਸੰਮਤੀ ਲਗ ਅਖਰ ਕੰਨਾ ਵੀਚਾਰ ਕੇ ਪ੍ਰਸ਼ਨ ਉਤਰ ਸੋਧ ਕੇ ਦਰਗਾਹੀ ਹੁਕਮ ਜਨਤਾ ਰਾਜ ਲਿਖਿਆ ਹੈ । ਪੰਚਾਇਤੀ ਹੁਕਮ ਧੁਰ ਦਰਗਾਹੀ ਹੁਕਮ ਹੁੰਦਾ ਹੈ। ਪੰਚਾਇਤੀ ਫੈਸਲੇ ਨੂੰ ਨਾ ਹੀ ਕੋਈ ਅਦਾਲਤ, ਨਾ ਹੀ ਕੋਈ ਬਾਦਸ਼ਾਹ ਰਦ ਕਰ ਸਕਦਾ ਹੈ। ਗੁ: ਧੁਰ ਕੀ ਬਾਣੀ ਆਈ ॥ ਪੁਨਾ, ਗੁ: ਵਾਹੁ ਵਾਹੁ ਬਾਣੀ ਨਿਰੰਕਾਰੁ ਹੈ ਜਿਸ ਜੇਵਡ ਅਵਰ ਨਾ ਕੋਇ ॥ ਅਤੇ ਅਕਾਲੀ ਅਤੇ ਸਿੰਘ ਸਭੀਏ, ਭਾਈ ਪੰਚਾਇਤੀ ਫੈਸਲੇ ਨੂੰ ਗੁਰੂ ਮੰਨਦੇ ਹਨ। ਗੁਰੂ ਮਾਨੀਓ ਗਰੰਥ ॥

ਪਾਠਕ ਜੀ, ਹੁਣ ਵਿਚਾਰ ਦੀ ਲੋੜ ਹੈ ਜਦੋਂ ਇਕ ਇਕ ਦੀ ਲਿਖੀ ਹੋਈ ਕਿਤਾਬ ਨੂੰ ਰਬੀ ਹੁਕਮ ਮੰਨਿਆਂ ਜਾਂਦਾ ਹੈ। ਜੋ ਮੁਸਲਮ ਕੁਰਾਨ ਸ਼ਰੀਫ ਦੇ ਹੁਕਮ ਨੂੰ ਨਾ ਮੰਨੇ ਉਹ ਮੁਸਲਮਾਨ ਨਹੀਂ, ਮੁਸਲ-ਮਾਨ ਉਨ੍ਹਾਂ ਨੂੰ ਕਾਫਰ ਕਹਿੰਦੇ ਹਨ । ਅਤੇ ਜੋ ਈਸਾਈ ਅੰਜੀਲ ਦੇ ਹੁਕਮ ਅਨੁਸਾਰ ਨਾ ਚਲੇ। ਉਨ੍ਹਾਂ ਨੂੰ ਈਸਾਈ ਈਸਾਈ ਨਹੀਂ ਸਮਝਦੇ। ਇਸੀ ਤਰ੍ਹਾਂ ਜੋ ਸਿੰਘ ਗੁਰਬਾਣੀ ਗਰੰਥ ਪੋਥੀ ਪਾਵਨ ਬੀੜ ਤੇ ਹੁਕਮ ਅਨੁਸਾਰ ਨਹੀਂ ਚਲਦੇ, ਇਸਦੇ ਉਲਟ ਚਲਦੇ ਹਨ ਉਹ ਸਿਖ ਨਹੀਂ ਕਹਾ ਸਕਦੇ। ਉਹ ਬੇਮੁਖ ਹਨ। ਭਾਵ ਗੁਰਮੁਖ ਉਸ ਨੂੰ ਕਹਿੰਦੇ ਹਨ, ਜੋ ਪਰਤਖ ਦੇਹਧਾਰੀ ਗੁਰੂ ਜੀ ਦੇ ਮੁਖ ਤੋਂ ਗੁਰਮੰਤਰ ਲੈ ਕੇ



Digitized by Panjab Digital Library | www.panjabdigilib.org

ਨਾਮ ਜਪਦਾ ਹੈ। ਦੂਜਾ ਮਨਮੁਖ ਉਹਨਾਂ ਨੂੰ ਕਹਿੰਦੇ ਹਨ ਜੋ ਮਨ ਹਠੀ ਝੂਠੇ ਦੋਹਰੇ ਪੜ੍ਹ ਪੜ੍ਹ ਕੇ ਸੰਗਤਾਂ ਨੂੰ ਸੁਣਾਂਵਦੇ ਹਨ, ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗਰੰਥ ॥ ਅਤੇ ਖੋਜ ਸਬਦ ਮਹਿ ਲਹਿ ॥ ਐਸੇ ਸਜਣ ਮਨਮੁਖ ਹਨ ਅਤੇ ਬੇਮੁਖ ਉਹ ਹਨ, ਜਿਹੜੇ ਗੁਰਬਾਣੀ ਗਰੰਥ ਦੇ ਹੁਕਮ ਨੂੰ ਨਹੀਂ ਮੰਨਦੇ। ਕਚੀ ਕਾਵ ਰਚਨਾ, ਜਨਮਸਾਖੀ 'ਗੁਰੂ ਬਿਲਾਸ' ਸੂਰਜ ਪਰਕਾਸ਼ ਅਤੇ ਦਸਮ ਗਰੰਥ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਕਬਿਤ, ਪੰਥ ਪ੍ਰਕਾਸ਼, ਖਾਲਸਾ ਤਵਾਰੀਖ, ਲੋਹ ਗਰੰਥ, ਰਹਿਤਨਾਮੇ ਵਗੈਰਾ ਇਨ੍ਹਾਂ ਦੇ ਅਨੁਸਾਰ ਚਲਦੇ ਹਨ। ਸਚੀ ਗੁਰਬਾਣੀ ਤੋਂ ਉਲਟ ਉਹ ਬੇਮੁਖ ਹਨ ਸਤਿਗੁਰਾਂ ਦੇ ਸਿਖ ਨਹੀਂ ਹਨ।

ਗੁ: ਕਹਿ ਨਾਨਕ ਸਤਿਗੁਰੂ ਬਾਝਹੁ ਹੋਰਿ ਕਚੀ ਬਾਣੀ ॥ ਅਨੰਦ ੨੪ ॥ ਪੁਨਾ, ਹੁਕਮੁ ਮੰਨੋ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ਆਨੰਦ ੯ ॥

ਨੋਟ--ਜਿਸ ਸਜਣ ਨੂੰ ਸਚਾ ਅਰਦਾਸਾ ਗੁਰਬਾਣੀ ਗਰੰਥ ਵਿਚੋਂ ਛਪਿਆ ਹੋਇਆ ਅਤੇ ਰਾਮਕਲੀ ਦਾ ਛੰਤ ਪੰਜਵਾਂ ਜ਼ਰੂਰਤ ਹੋਵੇ ਕਾਰਡ ਭੇਜ ਕੇ ਬਿਨਾਂ ਕਿਸੀ ਖਰਚ ਮੰਗਵਾ ਸਕਦਾ ਹੈ। ਡਾਕ ਖਰਚ ਵੀ ਅਸੀਂ ਕਰ ਦੇਵਾਂਗੇ।

ਲੇਖਕ—ਕੂਕਰ ਗਿ: ਖਜ਼ਾਨ ਸਿੰਘ ਨਿਰਮਲ ਨਿਰੰਕਾਰੀ,
ਮਕਾਨ ਨੰ: ੪/੫੪੩
ਗੁਰੂ ਨਾਨਕ ਵਾੜਾ (ਸੀ. ਪੀ.)
ਹਾਲ ਕਟਨੀ, ਮਾਲਵੀਆਗੰਜ,

ਪ੍ਰਿੰਟਰ—ਜਨਤਕ ਪ੍ਰੈਸ, ੧੨੯੭ ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿੱਲੀ



Digitized by Panjab Digital Library | www.panjabdigilib.org